ਕਾਰਵਾਈ ਨਗਰ ਨਿਗਮ, ਲੁਧਿਆਣਾ ਦੇ ਜਨਰਲ ਹਾਊਸ ਦੀ ਇੱਕਤਰਤਾ, ਜੋ ਕਿ ਮਿਤੀ 10.02.2023 ਦਿਨ ਸ਼ੁੱਕਰਵਾਰ ਨੂੰ ਸਮ੍ਹਾਂ ਸਵੇਰੇ 11:00 ਵਜੇ ਨਗਰ ਨਿਗਮ, ਲੁਧਿਆਣਾ ਦੇ ਮੁੱਖ ਦਫਤਰ ਮਾਤਾ ਰਾਣੀ ਚੋਂਕ ਦੇ ਮੀਟਿੰਗ ਹਾਲ ਵਿਖੇ ਮਾਣਯੋਗ ਮੇਅਰ ਜੀ ਦੀ ਪ੍ਰਧਾਨਗੀ ਹੇਠ ਹੋਈ।

ਹਾਜ਼ਰੀ :-

| Sr. No. | Ward No. | NAME | Sr. No. | Ward No. | NAME |
|---|---|---|---|---|---|
| 1 | 78 | S. Balkar Singh Sandhu, Mayor | 35 | 57 | Smt. Manju Aggarwal |
| 2 | 56 | Sh. Sham Sunder Malhotra, Senior Deputy Mayor | 36 | 58 | Sh. Rajesh Jain |
| 3 | 35 | Smt. Sarabjeet Kaur, Deputy Mayor | 37 | 59 | Smt. Prabhjot Kaur |
| 4 | 1 | Smt. Diviya | 38 | 60 | Shri. Anil Parti |
| 5 | 2 | S. Gurmail Singh | 39 | 61 | Smt. Shelly Malhotra |
| 6 | 3 | Smt. Pallavi Vinaik | 40 | 63 | Smt. Laxmi Devi |
| 7 | 4 | Sh. Sukhdev Bawa | 41 | 64 | Shri. Rakesh Prasher |
| 8 | 5 | Smt. Neelam Sharma | 42 | 65 | Smt. Poonam Malhotra |
| 9 | 6 | S. Sarabjeet Singh Laddi | 43 | 66 | Sh. Narinder Sharma |
| 10 | 7 | Smt. Ravinder Kaur | 44 | 67 | Smt. Mamta Ashu |
| 11 | 8 | Chaudhary Yash Pal | 45 | 68 | S. Baljinder Singh |
| 12 | 10 | Sh. Harjinder Pal | 46 | 70 | S. Dilraj Singh |
| 13 | 11 | Smt. Balwinder Kaur | 47 | 71 | Smt. Rupinder Kaur Sandhu |
| 14 | 12 | Sh. Naresh Kumar | 48 | 72 | Sh. Hari Singh Brar |
| 15 | 13 | Smt. Mandeep Kaur | 49 | 75 | Sh. Amrit Versha Rampal |
| 16 | 14 | Sh. Kuldeep Janda | 50 | 77 | Smt. Maninder Kaur Guman |
| 17 | 15 | Smt. Kanchan Malhotra | 51 | 79 | Smt. Anny Sikka |
| 18 | 20 | S. Navneet Singh Ghayal | 52 | 80 | Sh. Maharaj Singh Raji |
| 19 | 21 | Smt. Kitty | 53 | 81 | Smt. Rashi Aggarwal |
| 20 | 22 | Sh. Raj Kumar | 54 | 84 | Sh. Surinder Atwal |
| 21 | 23 | Smt. Sandeep Kumari | 55 | 85 | Smt. Sunita Rani |
| 22 | 24 | S. Pal Singh Grewal | 56 | 86 | Sh. Ashwani Kumar |
| 23 | 26 | S. Surjit Singh Rai | 57 | 90 | Dr. Jai Parkash |
| 24 | 29 | Smt. Prabjot Kaur | 58 | 92 | S. Harvinder Pal Singh |
| 25 | 30 | S. Jaspal Singh Giaspura | 59 | 93 | Smt. Loveleen Kaur Toor |
| 26 | 31 | Smt. Sonia Sharma | 60 | 95 | S. Gurcharandeep Singh |
| 27 | 38 | S. Kuldip Singh | | | |
| 28 | 39 | Smt. Jaspreet Kaur | | | ਐਮ. ਐਲ. ਏਜ. |
| 29 | 42 | S. Sukhdev Singh Sheera | 1 | | Chaudhary Madan Lal Bagga |
| 30 | 44 | S. Harkarandeep Singh | 2 | | Sh. Gurpreet Bassi Gogi |
| 31 | 46 | S. Harbhajan Singh Dang | 3 | | Sh. Ashok Prasher |
| 32 | 48 | S. Parvinder Singh Gill | 4 | | S. Diljit Singh Grewal |
| 33 | 52 | S. Gurdeep Singh Neetu | 5 | | S. Kulwant Singh Sidhu |
| 34 | 53 | Smt. Pinky Bansal | | | |

ਸਹੀ/-
ਮੇਅਰ
ਨਗਰ ਨਿਗਮ, ਲੁਧਿਆਣਾ।
10-02-2023

**ਮਤਾ ਨੰ: 410**

ਮਾਨਯੋਗ ਮੇਅਰ ਜੀ ਨੇ ਹਾਊਸ ਵਿੱਚ ਸ਼ੋਕ ਮਤਾ ਪੇਸ਼ ਕੀਤਾ ਕਿ ਪਿਛਲੇ ਦਿਨੀ ਸ੍ਰ. ਰਣਜੀਤ ਸਿੰਘ ਬ੍ਰਮਪੁਰਾ, ਸਾਬਕਾ ਕੈਬਨਿਟ ਮੰਤਰੀ/ ਮੈਂਬਰ ਪਾਰਲੀਐਮੰਟ ਪੰਜਾਬ, ਸ਼੍ਰੀ ਐਮ.ਐਨ ਸ਼ਰਮਾਂ, ਰਿਟਾਇਰਡ ਚੀਫ ਇੰਜੀਨੀਅਰ, ਸਥਾਨਕ ਸਰਕਾਰ, ਸ਼੍ਰੀ ਨਿਖਿਲ ਹਾਡਾਂ (ਕਲਰਕ) ਦੀ ਮਾਤਾ ਸ਼੍ਰੀਮਤੀ ਪੂਜਾ ਹਾਡਾਂ ਜੀ, ਸ੍ਰ. ਇਕਬਾਲ ਸਿੰਘ, ਰਿਟਾਇਰਡ ਇੰਸਪੈਕਟਰ, ਸ਼੍ਰੀ ਵਿਜੇ ਮਾਨਵ ਸਹੋਤਾ (ਸਿਹਤ ਸ਼ਾਖਾ) ਦੇ ਪਿਤਾ ਸ਼੍ਰੀ ਸੁਰਿੰਦਰ ਕੁਮਾਰ ਜੀ, ਸ਼੍ਰੀ ਮਨਵੀਰ ਸ਼ਰਮਾਂ ਰਿਟਾਇਰਡ ਨਰੀਖਕ, ਸ਼੍ਰੀ ਰਾਕੇਸ਼ ਸ਼ਰਮਾਂ (ਰੋਕੀ) ਕਲੱਰਕ ਦੇ ਭਰਾ ਸ਼੍ਰੀ ਮੁਕੇਸ਼ ਸ਼ਰਮਾਂ (ਸੋਨੂੰ), ਸ਼੍ਰੀ ਪ੍ਰਦੀਪ ਕਪੂਰ ਰਿਟਾਇਰਡ ਸੁਪਰਡੈਂਟ, ਸ੍ਰ. ਗੁਰਦੇਵ ਸਿੰਘ ਰਿਟਾਇਰਡ ਐਕਸੀਅਨ, ਸ੍ਰ ਬਲਜਿੰਦਰ ਸਿੰਘ ਐਸ.ਡੀ.ਓ ਵਰਕਸ਼ਾਪ ਦੇ ਮਾਤਾ ਸ਼੍ਰੀਮਤੀ ਸਤਵੰਤ ਕੌਰ ਜੀ, ਸ਼੍ਰੀ ਨਰਿੰਦਰ ਸਿੰਘ ਰਿਟਾਇਰਡ ਬਿੱਲ ਡਿਸਟੀਬਿਊਟਰ, ਸ਼੍ਰੀ ਸੁਭਾਸ਼ ਚੰਦਰ ਛਾਬੜਾ ਰਿਟਾਇਰਡ ਬਿੱਲ ਡਿਸਟੀਬਿਊਟਰ, ਸ਼੍ਰੀ ਵਿਜੇ ਕਟਾਰੀਆਂ ਰਿਟਾਇਰਡ ਇੰਸਪੈਕਟਰ, ਸ੍ਰ. ਪ੍ਰਿਤਪਾਲ ਸਿੰਘ ਘਾਇਲ, ਸਾਬਕਾ ਕੋਸਲਰ ਅਤੇ ਸਾਬਕਾ ਸਬ-ਰਜਿਸਟਰਾਰ, ਸ੍ਰ. ਸੁਰਜੀਤ ਸਿੰਘ ਰਾਏ, ਕੋਸਲਰ ਵਾਰਡ ਨੰ: 12 ਜੀ ਦੀ ਧਰਮ ਪੱਤਨੀ ਸ਼੍ਰੀਮਤੀ ਅਮਰਜੀਤ ਕੋਰ ਰਾਏ, ਸ਼੍ਰੀਮਤੀ ਗੀਤਾ ਦੇਵੀ, ਸਾਬਕਾ ਕੋਸਲਰ ਅਤੇ ਚੋਧਰੀ ਯਸ਼ਪਾਲ ਜੀ, ਕੋਸਲਰ ਵਾਰਡ ਨੰ: 8 ਦੇ ਅੰਕਲ ਚੋਧਰੀ ਸ਼੍ਰੀ ਮਨਸਾ ਰਾਮ ਜੀ, ਐਕਸ ਪ੍ਰਧਾਨ ਗੁਰੁ ਰਵੀਦਾਸ ਕਮੇਟੀ ਦੇ ਅਚਾਨਕ ਅਕਾਲ ਚਲਾਨਾ ਕਰ ਜਾਣ ਤੇ ਹਾਊਸ ਵੱਲੋ ਡੂੰਘੇ ਅਫ਼ਸੋਸ ਦਾ ਪ੍ਰਗਟਾਵਾ ਕਰਦੇ ਹੋਏ, ਇਨ੍ਹਾਂ ਵਿਛੜੀਆਂ ਹੋਈਆਂ ਰੂਹਾਂ ਦੀ ਆਤਮਿਕ ਸਾਂਤੀ ਲਈ ਦੋ ਮਿੰਟ ਦਾ ਮੋਨ ਰਖਿਆ ਗਿਆ ਅਤੇ ਪਰਮਪਿਤਾ ਪਰਮਾਤਮਾ ਅੱਗੇ ਅਰਦਾਸ ਕੀਤੀ ਗਈ ਕਿ ਪਰਮਾਤਮਾਂ ਇਨ੍ਹਾਂ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾ ਵਿੱਚ ਨਿਵਾਸ ਦੇਵੇ ਅਤੇ ਪਿੱਛੇ ਉਨ੍ਹਾਂ ਦੇ ਪਰਿਵਾਰਾ ਨੂੰ ਇਹ ਭਾਣਾ ਮੰਨਣ ਦਾ ਬਲ ਬਖ਼ਸੇ।

**ਸਹੀ/-**
**ਮੇਅਰ**
**10-02-2023**

**ਮੱਦ ਨੰ: 1** **/ਪਿਛਲੀ ਜਨਰਲ ਹਾਊਸ ਦੀ ਮੀਟਿੰਗ ਮਿਤੀ 04-10-2022 ਦੀ ਕਾਰਵਾਈ ਮਤਾ ਨੰ: 334 ਤੋ ਮਤਾ ਨੰ: 409 ਤੱਕ ਬਹਾਲੀ ਲਈ ਪੇਸ਼ ਹੈ ਜੀ।**

**ਮਤਾ ਨੰ: 411**
**ਬਹਾਲ ਹੈ।**
**ਸਹੀ/-**
**ਮੇਅਰ**
**10-02-2023**

**ਮੱਦ ਨੰ: 2** **/ਅਮਲਾ ਸ਼ਾਖਾ/**

**ਵਿਸ਼ਾ:-** **ਨਗਰ ਨਿਗਮ, ਲੁਧਿਆਣਾ ਵਿੱਚ ਕੰਮ ਕਰਦੇ ਸਫਾਈ ਕਰਮਚਾਰੀਆਂ/ਸੀਵਰਮੈਨਾਂ ਨੂੰ ਰੈਗੂਲਰ ਕਰਨ ਲਈ ਉਮਰ ਦੀ ਸੀਮਾ ਤੈਅ ਕਰਨ ਬਾਰੇ।**

ਨੋਟ ਇੰਸਪੈਕਟਰ (ਅਮਲਾ) ਮਿਤੀ 30-11-2022 ਜਿਸ ਦੀ ਪ੍ਰਵਾਨਗੀ ਹਿੱਤ ਪ੍ਰੋੜਤਾ ਅਮਲਾ ਸੁਪਰਡੈਂਟ ਨੇ ਮਿਤੀ 30-11-2022 ਅਤੇ ਸਕੱਤਰ (ਐਨ) ਨੇ ਮਿਤੀ 30-11-2022 ਅਤੇ ਸੰਯੁਕਤ ਕਮਿਸ਼ਨਰ (ਐਸ) ਜੀ ਨੇ ਮਿਤੀ 30-11-2022 ਰਾਹੀ ਕੀਤੀ ਹੈ, ਜੋ ਕਿ ਉਕਤ ਵਿਸ਼ੇ ਸਬੰਧੀ ਹਾਊਸ ਦੇ ਵਿਚਾਰਨ ਹਿੱਤ ਪੇਸ਼ ਹੈ ਕਿ ਮਿਉਂਸੀਪਲ ਇੰਪਲਾਈਜ ਸੰਘਰਸ਼ ਕਮੇਟੀ ਵੱਲੋਂ ਪੱਤਰ ਨੰ. 0011/ਲੁਧਿ. ਮਿਤੀ 11-11-2022 ਰਾਹੀਂ ਬੇਨਤੀ ਕੀਤੀ ਗਈ ਹੈ ਕਿ ਨਗਰ ਨਿਗਮ, ਲੁਧਿਆਣਾ ਵਿੱਚ ਕੰਮ ਕਰਦੇ ਸਫਾਈ ਕਰਮਚਾਰੀ/ ਸੀਵਰਮੈਨ ਨੂੰ ਰੈਗੂਲਰ ਕਰਨ ਲਈ 18-06-2021 ਤੱਕ 37 ਅਤੇ 42 ਸਾਲ ਦੀ ਉਮਰ ਸੀਮਾ ਮੰਨੀ ਜਾ ਰਹੀ ਹੈ, ਜਿਸ ਕਾਰਨ ਲਗਭਗ 800 ਤੋਂ ਵੱਧ ਕਰਮਚਾਰੀ ਰੈਗੂਲਰ ਹੋਣ ਤੋਂ ਵਾਂਝੇ ਰਹਿ ਗਏ ਹਨ। ਇੱਥੇ ਇਹ ਦੱਸਣਾ ਯੋਗ ਹੋਵੇਗਾ ਕਿ ਇਹ ਸਾਰੇ ਹੀ ਕਰਮਚਾਰੀ ਨਗਰ ਨਿਗਮ, ਲੁਧਿਆਣਾ ਵਿੱਚ ਕੰਮ ਕਰਦੇ ਹੀ ਉਮਰ ਦਰਾਜ ਹੋਏ ਹਨ। ਇਸ ਲਈ ਸਫਾਈ ਕਰਮਚਾਰੀ/ ਸੀਵਰਮੈਨਾਂ ਦੀ ਭਰਤੀ ਸਮੇਂ ਦੀ ਉਮਰ ਨੂੰ ਮੰਨਿਆ ਜਾਵੇ।

ਇਸ ਸਬੰਧੀ ਸਿਹਤ ਸ਼ਾਖਾ ਦੀ ਰਿਪੋਰਟ ਮਿਤੀ 24-11-2022 ਅਨਸਾਰ ਨਗਰ ਨਿਗਮ, ਲੁਧਿਆਣਾਂ ਵਿੱਚ ਕੰਮ ਕਰਦੇ ਲਗਭਗ 800 ਤੋਂ ਵੱਧ ਕਰਮਚਾਰੀ ਉਮਰ ਜ਼ਿਆਦਾ ਹੋਣ ਕਾਰਣ ਰੈਗੂਲਰ ਹੋਣ ਤੋਂ ਵਾਂਝੇ ਰਹਿ ਗਏ ਹਨ। ਇਹ ਸਾਰੇ ਹੀ ਕਰਮਚਾਰੀ ਨਗਰ ਨਿਗਮ, ਲੁਧਿਆਣਾ ਵਿੱਚ ਕੰਮ ਕਰਦੇ ਹੀ ਉਮਰ ਦਰਾਜ ਹੋਏ ਹਨ। ਇਸ ਲਈ ਸਫਾਈ ਕਰਮਚਾਰੀ/ ਸੀਵਰਮੈਨਾਂ ਦੀ ਭਰਤੀ ਸਮੇਂ ਦੀ ਉਮਰ ਨੂੰ ਮੰਨਿਆ ਜਾਵੇ।

ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਿੱਧੀ ਭਰਤੀ ਦੀ ਉਪਰਲੀ ਉਮਰ ਸੀਮਾਂ ਦੀ ਹੱਦ 37 ਸਾਲ ਹੈ ਅਤੇ ਐਸ.ਸੀ/ਬੀ.ਸੀ ਕੈਟਾਗਿਰੀ ਦੇ ਉਮੀਦਵਾਰਾਂ ਨੂੰ ਇਸ ਉਪਰਲੀ ਉਮਰ ਸੀਮਾ ਵਿੱਚ 5 ਸਾਲ ਦੀ ਛੋਟ ਦਿੱਤੀ ਹੋਈ ਹੈ। ਇਸ ਲਈ ਜਿਹੜੇ ਡੀ.ਸੀ. ਰੇਟ ਸਫਾਈ ਸੇਵਕ/ ਸੀਵਰਮੈਨ ਉਮਰ ਜ਼ਿਆਦਾ ਹੋਣ ਕਾਰਣ ਰੈਗੂਲਰ ਹੋਣ ਤੋਂ ਵਾਂਝੇ ਰਹਿ ਗਏ ਹਨ, ਉਨ੍ਹਾਂ ਦੀ ਡੀ.ਸੀ.ਰੇਟ ਤੇ ਭਰਤੀ ਸਮੇਂ ਉਮਰ ਦੀ ਉਪਰਲੀ ਸੀਮਾ ਚੈਕ ਕਰਕੇ ਉਨ੍ਹਾਂ ਨੂੰ ਰੈਗੂਲਰ ਕਰਨ ਸਬੰਧੀ ਕੇਸ ਮਾਣਯੋਗ ਹਾਊਸ ਵਿੱਚ ਵਿਚਾਰ ਕੇ ਸਰਕਾਰ ਨੂੰ ਪ੍ਰਵਾਨਗੀ ਹਿੱਤ ਭੇਜਣਾ ਉਚਿਤ ਹੋਵੇਗਾ।

ਉਕਤ ਨੂੰ ਮੁੱਖ ਰੱਖਦੇ ਹੋਏ ਮਿਉਂਸੀਪਲ ਇੰਪਲਾਈਜ ਸੰਘਰਸ਼ ਕਮੇਟੀ ਦੀ ਮੰਗ ਅਤੇ ਸਬੰਧਤ ਸ਼ਾਖਾ ਦੀ ਰਿਪੋਰਟ ਅਨੁਸਾਰ ਜਿਹੜੇ ਡੀ.ਸੀ. ਰੇਟ ਸਫਾਈ ਸੇਵਕ/ ਸੀਵਰਮੈਨ ਉਮਰ ਜ਼ਿਆਦਾ ਹੋਣ ਕਾਰਣ ਰੈਗੂਲਰ ਹੋਣ ਤੋਂ ਵਾਂਝੇ ਰਹਿ ਗਏ ਹਨ, ਉਨ੍ਹਾਂ ਦੀ ਡੀ.ਸੀ.ਰੇਟ ਤੇ ਲੱਗਣ ਸਮੇਂ ਉਨ੍ਹਾਂ ਦੀ ਜੋ ਉਮਰ ਸੀ, ਉਸਨੂੰ ਮੰਨਦੇ ਹੋਏ ਉਨ੍ਹਾਂ ਨੂੰ ਰੈਗੂਲਰ ਕਰਨ ਅਤੇ ਇਸ ਤੋਂ ਇਲਾਵਾ ਭਵਿੱਖ ਵਿੱਚ ਕਿਸੇ ਵੀ ਹੋਰ ਕੇਸ ਵਿੱਚ ਉਮਰ ਦੀ ਛੋਟ ਨਾ ਦੇਣ ਸਬੰਧੀ ਕੇਸ ਮਾਣਯੋਗ ਹਾਊਸ ਵਿੱਚ ਵਿਚਾਰਨ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਮਾਣਯੋਗ ਕਮਿਸ਼ਨਰ ਜੀ ਪਾਸੋਂ ਪ੍ਰਾਪਤ ਕਰ ਲਈ ਜਾਵੇ ਜੀ।

ਇਸ ਸਬੰਧੀ ਮਾਣਯੋਗ ਕਮਿਸ਼ਨਰ ਜੀ ਦੇ ਹੁਕਮ ਮਿਤੀ 01-12-2022 ਰਾਹੀ ਲੀਗਲ ਐਡਵਾਈਜਰ ਜੀ ਪਾਸੋ ਰਾਏ ਲਈ ਗਈ। ਸ੍ਰੀ ਅਸ਼ੋਕ ਬਜਾਜ, ਸੀਨੀਅਰ ਐਡਵੋਕੇਟ ਜੀ ਵੱਲੋ ਮਿਤੀ 02-12-2022 ਰਾਹੀ ਹੇਠ ਲਿਖੇ ਅਨੁਸਾਰ ਰਾਏ ਦਿੱਤੀ ਗਈ ਕਿ

"The State Government to regulate the service conditionsof group 'A', 'B' and 'C' employees has duly notified the Common Condition of Service Rules, 1994 (vide notification dated 4th May 1994). Though these rules are not directly applicable on Class 'D' employees yet there is no bar to follow these rules for group 'D' employees. It is also placed on records that Govt. has also notified the Punjab State (Class IV) service Rules, 1963 on 23.05.1963, as per which upper age for appointment on class-IV (now Group "D") was fixed as 35 years. On the other hand, in Punjab Civil Service (General & Common Conditions of service) Rules, 1994, it is provided in rule 5, the upper age for appointment is prescribed as 37 years. It is further provided that persons who are already in service, they can be given age relaxation in upper age upto 5 years. It is also placed on record that the upper age prescribed in the SafaiSewak, rules framed by M.C. Ludhiana for Class 'D' (SafaiSewak and Sewerman, Mali etc.) is 35 years. There is no provision in the said rules /regulations to grant further the relaxation in upper age. Still further, as per sub-section (9) of Section 71 of PMC Act, 1976, Municipal Corporation is bound to follow the Govt. Policies, in the matter of appointment of officers/officials in the Municipal Corporation especially concerning the Scheduled class & Backward Classes.

As per Rule 19 of the Punjab Civil Services (General & Common Conditions of Service) Rules, 1994 and clause 16 of the Punjab class IV service Rule 1963, the Govt. is competent to dispense with any condition of service if in the opinion of Govt. it causes hardship and order the relaxation of such condition. I may add the Govt. in the past has relaxed the condition of upper age in case of Compassionate Appointment of widows and also members of the Scheduled Caste & Backward Classes. There are numbers of instances where Govt. has

relaxed upper age in case of the persons who were already working in the Govt. on temporary or adhoc basis as during theirs stay as such, they had crossed the prescribed upper age.

In the facts & circumstances of this case especially when almostall the incumbent belong to Scheduled Caste and have crossed the prescribed upper age for appointment on the post of SafaiSewak or Sewarman while working as such in Municipal Corporation, the Govt. may be requested to accord suitable relaxation in the upper age and the initial date of joining in Municipal Corporation as adhoc / temporary / daily wages be contused as their age for the purpose of appointment on the post of SafaiSewak/Sewarman.resultantly, if the age on joining the MCL of any person as SafaiSewak or sewarman was less than 42 years (Scheduled Caste) and 37 years (General), such person shall be considered and declared eligible for regular appointment on the post of SafaiSewak or Sewarman Pl"

ਮਾਣਯੋਗ ਕਮਿਸ਼ਨਰ ਜੀ ਨੇ ਹੁਕਮ ਮਿਤੀ 02-12-2022 ਰਾਂਹੀ ਕੇਸ ਨੂੰ ਹਾਊਸ ਵਿੱਚ ਪੇਸ਼ ਕਰਨ ਲਈ ਪ੍ਰਸ਼ਾਸਕੀ ਪ੍ਰਵਾਨਗੀ ਇਸ ਤਰਾਂ ਦਿੱਤੀ ਹੈ ਕਿ " To be decided in Gernal house " ਮਾਣਯੋਗ ਮੇਅਰ ਜੀ ਨੇ ਹੁਕਮ ਮਿਤੀ 06-12-2022 ਅਨੁਸਾਰ ਕੇਸ ਨੂੰ ਹਾਊਸ ਵਿੱਚ ਪੇਸ਼ ਕਰਨ ਦੀ ਆਗਿਆ ਦਿੱਤੀ ਹੈ। ਕੇਸ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।

ਇਸ ਮਤੇ ਸਬੰਧੀ ਸਥਾਨਕ ਸਰਕਾਰ ਵਿਭਾਗ ਦੇ ਪੱਤਰ ਮੀਮੋ ਨੰ: 3/27/2022-1ਸਸ3/1935 ਮਿਤੀ 10-10-2022 ਦੇ ਲੜੀ ਨੰ: G ਅਨੁਸਾਰ ਸਥਾਨਕ ਸਰਕਾਰ ਵਿਭਾਗ ਦੀ ਪ੍ਰਵਾਨਗੀ ਲੋੜੀਦੀ ਹੈ।।

**ਮਤਾ ਨੰ: 412**

**ਪ੍ਰਵਾਨ ਹੈ।**

**ਇਸ ਦੇ ਨਾਲ-ਨਾਲ ਮਾਲੀ ਬੇਲਦਾਰ, ਬੇਲਦਾਰ, ਡਰਾਇਵਰਾਂ ਆਦਿ ਨੂੰ ਵੀ ਰੈਗੁਲਰ ਕਰਨ ਹਿੱਤ ਉਮਰ ਦੀ ਸੀਮਾ ਵਿੱਚ ਛੋਟ ਦੇਣ ਹਿੱਤ ਪ੍ਰਵਾਨ ਹੈ।**

**ਸਹੀ/-**
**ਮੇਅਰ**
**10-02-2023**

**ਮੱਦ ਨੰ: 3 ਓਐਂਡਐਮ ਸ਼ਾਖਾ/ਜੋਨ-ਡੀ**

**ਵਿਸ਼ਾ:- ਪੁੱਡਾ / ਗਲਾਡਾ ਵੱਲੋਂ ਪੱਖੋਵਾਲ ਰੋਡ ਤੇ ਪਾਏ ਜਾਣ ਵਾਲੇ ਸੀਵਰ ਨੂੰ ਨਗਰ ਨਿਗਮ ਦੇ ਸੀਵਰੇਜ ਨਾਲ ਜੋੜਨ ਅਤੇ ਈ.ਡੀ.ਸੀ. ਚਾਰਜਿਜ ਜਮ੍ਹਾਂ ਕਰਵਾਉਣ ਬਾਰੇ।**

ਨੋਟ ਸਹਾਇਕ ਇੰਜੀਨੀਅਰ-ਓਐਂਡਐਮ ਜੋਨ-ਡੀ ਨੇ ਮਿਤੀ ਨਿਲ, ਜਿਸ ਦੀ ਪ੍ਰਵਾਨਗੀ ਹਿੱਤ ਪ੍ਰੋੜਤਾ ਕਾਰਜਕਾਰੀ ਇੰਜੀਨੀਅਰ-ਓਐਂਡਐਮ ਜੋਨ-ਡੀ ਨੇ ਮਿਤੀ ਨਿਲ, ਨਿਗਰਾਨ ਇੰਜੀਨੀਅਰ-ਓਐਂਡਐਮ ਜੋਨ-ਡੀ ਨੇ ਮਿਤੀ 23-01-2023 ਅਤੇ ਸੰਯੁਕਤ ਕਮਿਸ਼ਨਰ ਨੇ ਮਿਤੀ 27-01-2023 ਨੂੰ ਕੀਤੀ ਹੈ ਜੋ ਕਿ ਉਕਤ ਵਿਸ਼ੇ ਅਧੀਨ ਮਾਨਯੋਗ ਹਾਊਸ ਦੀ ਮੀਟਿੰਗ ਵਿੱਚ ਵਿਚਾਰਨ ਹਿੱਤ ਪੇਸ਼ ਹੈ ਕਿ ਪੱਖੋਵਾਲ ਰੋਡ ਤੇ ਗਲਾਡਾ ਵੱਲੋ ਕਲੋਨੀਆਂ/ਏਰੀਏ ਆਪਣੇ ਤੌਰ ਤੇ ਅਤੇ ਪ੍ਰਾਈਵੇਟ ਕਲੋਨਾਈਜਰ ਵੱਲੋ ਡਿਵੈਲਪ ਕੀਤੇ ਗਏ ਹਨ। ਇਸ ਦੇ ਨਾਲ ਹੀ ਕੁਝ ਏਰੀਏ ਗਲਾਡਾ ਵਿਭਾਗ ਵੱਲੋ ਨਗਰ ਨਿਗਮ ਦੀ ਹਦੂਦ ਦੇ ਅੰਦਰ ਡਿਵੈਲਪ ਕੀਤੇ ਗਏ ਹਨ ਅਤੇ ਕੁਝ ਏਰੀਏ ਕਲੋਨਾਈਜਰ ਵੱਲੋ ਡਿਵੈਲਪ ਕੀਤੇ ਗਏ ਹਨ, ਜੋ ਕਿ ਨਗਰ ਨਿਗਮ ਦੀ ਹਦੂਦ ਤੋ ਬਾਹਰ ਪੈਂਦੇ ਹਨ।ਸਾਲ 2016 ਵਿੱਚ ਗਲਾਡਾ ਵਿਭਾਗ ਨੂੰ ਪੱਤਰ ਨੰ.455/ਪੀ.ਐਸ.ਡੀ. ਮਿਤੀ 19-02-2016 ਰਾਹੀਂ ਗਲਾਡਾ ਅਧੀਨ ਆਉਂਦੀਆਂ ਕਲੋਨੀਆਂ ਦਾ ਸੀਵਰ ਨਗਰ ਨਿਗਮ ਦੇ ਮੇਨ ਸੀਵਰ ਨਾਲ ਜੋੜਨ ਦੀ ਮੰਜੂਰੀ ਇਸ ਸ਼ਰਤ ਤੇ ਦਿੱਤੀ ਗਈ ਸੀ ਕਿ **"ਜੇਕਰ ਇਹਨਾਂ ਇਲਾਕਿਆਂ ਦਾ ਸੀਵਰ ਨਗਰ ਨਿਗਮ ਦੇ ਸੀਵਰ ਨਾਲ ਜੋੜਨ ਨਾਲ ਅਗਰ ਐਸ.ਟੀ.ਪੀ. ਦੀ ਕਪੈਸ਼ਟੀ ਵਿੱਚ ਵਾਧਾ ਕਰਨਾ ਪੈਂਦਾ ਹੈ ਤਾਂ ਉਸਦਾ ਖਰਚਾ ਗਲਾਡਾ ਵਿਭਾਗ ਵੱਲੋ ਦਿੱਤਾ ਜਾਵੇਗਾ ਅਤੇ ਸੀਵਰ ਦਾ ਕੁਨੈਕਸ਼ਨ ਜੋੜਨ ਤੋ ਪਹਿਲਾਂ ਕੁਨੈਕਟੀਵਿਟੀ ਚਾਰਜਿਜ/ਸ਼ੇਅਰਿੰਗ ਚਾਰਜਿਜ, ਦੇਖਭਾਲ ਦਾ ਖਰਚਾ ਅਤੇ ਯੂਜ਼ਰ ਚਾਰਜਿਜ ਇਹਨਾ ਕਲੋਨੀਆਂ ਦੇ ਵਸਨੀਕਾਂ ਵੱਲੋ ਪ੍ਰਾਪਤ ਕਰਨ ਉਪਰੰਤ ਨਗਰ ਨਿਗਮ ਲੁਧਿਆਣਾ ਨੂੰ ਜਮ੍ਹਾਂ ਕਰਵਾਉਣ ਦੀ ਜਿੰਮੇਵਾਰੀ ਆਪ ਦੇ ਵਿਭਾਗ ਦੀ ਹੋਵੇਗੀ"**। ਗਲਾਡਾ ਵਿਭਾਗ ਵੱਲੋ ਲਗਾਈ ਗਈ ਮੇਨ ਲਾਈਨ ਨਗਰ ਨਿਗਮ ਦੀ ਹਦੂਦ ਤੋ ਬਾਹਰ ਹੈ ਅਤੇ ਇਸ ਵਿੱਚ ਕਲੋਨੀਆਂ ਦਾ ਸੀਵਰ ਜੁੜਿਆ ਹੋਇਆ ਹੈ ਅਤੇ ਇਸ ਮੇਨ ਲਾਈਨ ਨੂੰ ਨਗਰ ਨਿਗਮ ਦੀ ਹਦੂਦ ਦੇ ਅੰਦਰ ਨਗਰ ਨਿਗਮ ਦੀ ਮੇਨ ਸੀਵਰ ਲਾਈਨ ਨਾਲ ਜੋੜਿਆ ਗਿਆ। ਇਸ ਉਪਰੰਤ ਸਾਲ 2016 ਤੋ ਹੁਣ ਤੱਕ ਸਾਰੀਆਂ ਕਲੋਨੀਆਂ ਦਾ ਪਾਣੀ ਨਗਰ ਨਿਗਮ ਦੇ ਐਸ.ਟੀ.ਪੀ. ਵਿੱਚ ਟਰੀਟ ਕੀਤਾ ਜਾ ਰਿਹਾ ਹੈ। ਇਹਨਾ ਕਲੋਨੀਆਂ/ਇਲਾਕਿਆਂ ਦੀ ਸੀਵਰ ਲਾਈਨ ਨੂੰ ਨਗਰ ਨਿਗਮ ਦੇ ਸੀਵਰ ਨਾਲ ਜੋੜਨ ਦੇ ਏਵਜ ਵੱਜੋਂ ਨਗਰ ਨਿਗਮ ਵੱਲੋ ਗਲਾਡਾ ਵਿਭਾਗ ਪਾਸੋਂ ਸਮੇਂ-ਸਮੇਂ ਤੇ ਸ਼ੇਅਰਿੰਗ ਚਾਰਜਿਜ/ਸੀਵਰ ਕੁਨੈਕਟੀਵਿਟੀ ਚਾਰਜਿਜ ਦੀ ਮੰਗ ਕੀਤੀ ਜਾਂਦੀ ਰਹੀ ਹੈ ਅਤੇ ਸਮੇਂ-ਸਮੇਂ ਤੇ ਮੀਟਿੰਗਾਂ ਵੀ ਕੀਤੀਆਂ ਜਾ ਰਹੀਆਂ ਹਨ ਅਤੇ ਗਲਾਡਾ ਵਿਭਾਗ ਪਾਸੋਂ ਮੰਗ ਕੀਤੇ ਗਏ ਸ਼ੇਅਰਿੰਗ ਚਾਰਜਿਜ/ਸੀਵਰ ਕੁਨੈਕਟੀਵਿਟੀ ਚਾਰਜਿਜ ਦੀ ਡਿਟੇਲ ਇਸ ਤਰ੍ਹਾਂ ਹੈ:-

| ਲੜੀ ਨੰ. | ਪੱਤਰ ਨੰ. | ਪੱਤਰ ਮਿਤੀ | ਸ਼ੇਅਰਿੰਗ ਚਾਰਜਿਜ/ਸੀਵਰ ਕੁਨੈਕਟੀਵਿਟੀ ਚਾਰਜਿਜ ਦੀ ਰਕਮ | ਵਿਸੇਸ਼ ਕਥਨ |
|---|---|---|---|---|
| 1 | 104/ਪੀ.ਐਸ./ਡੀ | 03-06-2019 | ਐਸ.ਟੀ.ਪੀ. ਬਣਾਉਣ ਦਾ ਖਰਚਾ 31 ਕਰੋੜ ਅਤੇ ਦੇਖਭਾਲ ਦਾ ਖਰਚਾ 3.66 ਕਰੋੜ (ਪੰਜ ਸਾਲ ਵਾਸਤੇ) ਅਤੇ ਯੂਜ਼ਰ ਚਾਰਜਿਜ | ਗਲਾਡਾ ਵੱਲੋ 2016 ਤੋ ਬਾਅਦ ਡਿਵੈਲਪ ਕੀਤੀਆਂ ਕਲੋਨੀਆਂ ਦੇ ਰਕਬੇ ਦੀ ਰਿਪੋਰਟ ਨਹੀ ਭੇਜੀ ਗਈ। ਇਸ ਲਈ ਡਿਮਾਂਡ ਸਿਰਫ 28.31 ਐਮ.ਐਲ.ਡੀ. ਡਿਸਚਾਰਜ ਦੇ ਬੇਸ ਤੇ ਤਿਆਰ ਕਰਕੇ ਭੇਜੀ ਗਈ ਸੀ। ਜਿਸ ਅਨੁਸਾਰ ਐਸ.ਟੀ.ਪੀ. ਬਣਾਉਣ ਦਾ ਖਰਚਾ 31 ਕਰੋੜ (1 ਐਮ.ਐਲ.ਡੀ. = 1.10 ਕਰੋੜ ਰੁ.) ਅਤੇ ਦੇਖਭਾਲ ਦਾ ਖਰਚਾ 3.66 ਕਰੋੜ (ਪੰਜ ਸਾਲ ਵਾਸਤੇ) ਅਤੇ ਯੂਜ਼ਰ ਚਾਰਜਿਜ (ਕੰਜਿਊਮਰ ਮੁਤਾਬਕ) ਖਰਚਾ ਜਮ੍ਹਾਂ ਕਰਵਾਉਣ ਲਈ ਲਿਖਿਆ ਗਿਆ ਸੀ, ਕਿਉਂਕਿ ਜੋੜੀਆਂ ਗਈਆ ਕਲੋਨੀਆਂ ਦਾ ਰਕਬਾ ਨਗਰ ਨਿਗਮ ਪਾਸ ਉਪਲਬਧ ਨਹੀ ਸੀ। ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਹ ਕੈਲਕੁਲੇਸ਼ਨ ਐਸਟੀਮੇਟ ਡਿਸਚਾਰਜ ਦੇ ਆਧਾਰ ਤੇ ਕੀਤੀ ਗਈ ਸੀ। ਇਸ ਵਿੱਚ 31 ਕਰੋੜ One Time ਅਤੇ 3.66 ਕਰੋੜ 5 ਸਾਲਾਂ ਦਾ ਮੇਨਟੀਨੈਂਸ ਖਰਚਾ ਸੀ। |
| 2 | 775/ਪੀ.ਐਸ./ਡੀ | 12-12-2019 | ਐਸ.ਟੀ.ਪੀ. ਬਣਾਉਣ ਦਾ ਖਰਚਾ 31 ਕਰੋੜ ਅਤੇ ਦੇਖਭਾਲ ਦਾ ਖਰਚਾ 3.66 ਕਰੋੜ (ਪੰਜ ਸਾਲ ਵਾਸਤੇ) ਅਤੇ ਯੂਜ਼ਰ ਚਾਰਜਿਜ | |
| 3 | 889/ਪੀ.ਐਸ./ਡੀ | 07-01-2020 | ਐਸ.ਟੀ.ਪੀ. ਬਣਾਉਣ ਦਾ ਖਰਚਾ 31 ਕਰੋੜ ਅਤੇ ਦੇਖਭਾਲ ਦਾ ਖਰਚਾ 3.66 ਕਰੋੜ (ਪੰਜ ਸਾਲ ਵਾਸਤੇ) ਅਤੇ ਯੂਜ਼ਰ ਚਾਰਜਿਜ | |
| 4 | 672/ਪੀ.ਐਸ./ਡੀ | 04-12-2020 | 78.26 ਕਰੋੜ ਰੁਪਏ | ਗਲਾਡਾ ਵੱਲੋ 2016 ਤੋ ਬਾਅਦ ਡਿਵੈਲਪ ਕੀਤੀਆਂ ਕਲੋਨੀਆਂ ਦੇ ਰਕਬੇ ਦੀ ਰਿਪੋਰਟ ਨਹੀ ਭੇਜੀ ਗਈ ਸੀ। 2020 ਤੱਕ ਬੁੱਢਾ ਨਾਲ ਰੀਜੂਵੀਨੇਸ਼ਨ ਪ੍ਰੋਜੈਕਟ ਅਲਾਟ ਹੋ ਗਿਆ ਸੀ, ਜਿਸ ਵਿੱਚ ਪ੍ਰਤੀ ਐਮ.ਐਲ.ਡੀ. ਐਸ.ਟੀ.ਪੀ. ਦਾ ਲਾਗਤ 1.50 ਕਰੋੜ ਰੁ. ਹੋ ਗਈ ਸੀ। ਇਸ ਦੇ ਆਧਾਰ ਤੇ ਐਸਟੀਮੇਟ ਡਿਸਚਾਰਜ ਤੋ ਐਸ.ਟੀ.ਪੀ. ਦੀ ਲਾਗਤ ਹੁਣ ਰੀਵਾਈਜ ਕੈਲਕੁਲੇਟ ਕੀਤੀ ਗਈ। ਇਸ ਲਈ 28.31 ਐਮ.ਐਲ.ਡੀ. ਦੇ ਹਿਸਾਬ ਨਾਲ ਇਹਨਾ ਕਲੋਨੀਆ ਖਰਚਾ ਤਿਆਰ ਕੀਤਾ ਗਿਆ ਸੀ, ਜਿਸ ਅਨੁਸਾਰ ਐਸ.ਟੀ.ਪੀ. ਦੀ ਬਣਤਰ ਦਾ ਖਰਚਾ = 42.66 ਕਰੋੜ (ਬੁੱਢੇ ਦਰਿਆ ਦੇ ਪ੍ਰੋਜੈਕਟ ਅਧੀਨ ਜੋ 60 ਐਮ.ਐਲ.ਡੀ. ਦਾ ਡਿਸਚਾਰਜ ਵਾਸਤੇ ਪਲਾਂਟ ਤਜਵੀਜ ਹੈ, ਉਸਦੇ ਐਸਟੀਮੇਟ ਵਿੱਚ 1 ਐਮ.ਐਲ.ਡੀ. ਵਾਸਤੇ 1.5 ਕਰੋੜ ਰੁਪਏ ਐਸ.ਟੀ.ਪੀ. ਬਣਾਉਣ ਦਾ ਖਰਚਾ ਕੀਤਾ ਜਾਵੇਗਾ, ਜਿਸ ਦੀ ਲਾਗਤ 28.31 ਐਮ.ਐਲ.ਡੀ. ਦੇ ਹਿਸਾਬ ਨਾਲ 28.31 × 1.5 = 42.66 ਕਰੋੜ ਬਣਦੀ ਹੈ) ਅਤੇ ਮੇਨਟੀਨੈਂਸ ਦੇ ਖਰਚਾ (ਪੰਜ ਸਾਲ ਲਈ) = 9.78 ਕਰੋੜ ਬਣਦਾ ਸੀ।<br>(105 MLD STP ਦੀ ਸਲਾਨਾ ਮੇਨਟੀਨੈਂਸ |
| 5 | 727/ਪੀ.ਐਸ./ਡੀ | 31-12-2020 | 78.26 ਕਰੋੜ ਰੁਪਏ (ਯਾਦ ਪੱਤਰ-1) | |
| 6 | 773/ਪੀ.ਐਸ./ਡੀ | 15-01-2021 | 78.26 ਕਰੋੜ ਰੁਪਏ (ਯਾਦ ਪੱਤਰ-2) | |

| | | | | |
|---|---|---|---|---|
| | | | | ਦਾ ਖਰਚਾ=16,97,223×12=2,03,66,676/-, 105 MLD STP ਦੀ ਬਿਜਲੀ ਦਾ ਸਲਾਨਾ ਖਰਚਾ = 5,22,38,920, 105 MLD STP ਦਾ ਕੁੱਲ ਸਲਾਨਾ ਖਰਚਾ = 7,26,05,596/- ਰੁ. ਪ੍ਰਤੀ MLD ਸਲਾਨਾ ਖਰਚਾ = 7,26,05,596 /105 = 6,91,481.86/- ਰੁ. ਐਸ.ਟੀ.ਪੀ. ਦੀ ਦੇਖਭਾਲ ਲਈ 28.31 MLD x 6,91,482 = 1,95,75,855 x 5 (ਪੰਜ ਸਾਲ ਦੀ ਦੇਖਭਾਲ) = 9,78,79,275/- ਰੁ.) ਉਸ ਤੋ ਬਾਅਦ ਉਹਨਾ ਵੱਲੋ ਕੇਵਲ ਦੋ ਕਲੋਨੀਆਂ (Omaxe Royal residency and Oswal Green Tech) ਦੇ ਡਿਵੈਲਿੰਗ ਯੁਨਿਟਾਂ ਦੀ ਸੂਚਨਾ ਭੇਜੀ ਗਈ। ਸਾਲ 2005 ਵਿੱਚ ਸਰਕਾਰ ਵੱਲੋ ਜਾਰੀ ਕੀਤੀ ਗਈ ਨੋਟੀਫਿਕੇਸ਼ਨ ਪਿੱਠਅੰਕਣ ਨੰ. 10/34/2005-38/311/4259 ਮਿਤੀ 23-03-2005 ਦੀਆਂ ਹਦਾਇਤਾਂ ਅਨੁਸਾਰ ਇਹਨਾ ਦੇ ਡਿਵੈਲਿੰਗ ਯੁਨਿਟਾਂ ਦੇ ਆਧਾਰ ਤੇ ਸ਼ੇਅਰਿੰਗ ਚਾਰਜਿਜ ਕੈਲਕੁਲੇਟ ਕੀਤੇ ਗਏ ਜੋ ਕਿ 19.97 ਕਰੋੜ + 5.85 ਕਰੋੜ ਬਣਦਾ ਸੀ। (M/s. OMAXE Royal Residency = 1980(Develling Unit) x 5(Person) x 20181(Sharing Charges) = 19,97,91,900/-) & (M/s. OSWAL Green Tech Limited = 580(Develling Unit) x 5(Person) x 20181(Sharing Charges) = 5,85,24,900/-) ਇਸ ਤਰ੍ਹਾਂ ਇਥੇ ਐਸ.ਟੀ.ਪੀ.ਦੀ ਬਣਤਰ ਦਾ ਖਰਚਾ ਮੇਨਟੀਨੈਸ ਚਾਰਜਿਜ ਦੇ ਵਿੱਚ ਦੋ ਕਲੋਨੀਆਂ ਦੀ ਡੀਵੈਲਿੰਗ ਯੂਨਿਟਾਂ ਦੇ ਬੇਸਿਸ ਤੇ ਈ.ਡੀ.ਸੀ. ਲਾਗਤ ਕੈਲਕੁਲੇਟ ਕਰਕੇ ਡਿਮਾਂਡ ਵਿੱਚ ਜੋੜਿਆ ਗਿਆ, ਜੋ ਕੁੱਲ 78.26 ਕਰੋੜ ਰੁ. ਸੀ। ਇਸ ਵਿੱਚ 42.66 ਕਰੋੜ + 25.83 ਕਰੋੜ = 68.49 ਕਰੋੜ One Time ਅਤੇ 9.78 ਕਰੋੜ ਰੁ. 5 ਸਾਲ ਦੀ ਮੇਨਟੀਨੈਂਸ ਚਾਰਜਿਜ ਸੀ। |
| 7 | 957/ਪੀ.ਐਸ./ਡੀ | 12-03-2021 | 35.61 ਕਰੋੜ ਰੁਪਏ | ਗਲਾਡਾ ਵੱਲੋ 2016 ਤੋ ਬਾਅਦ ਡਿਵੈਲਪ ਕੀਤੀਆਂ ਕਲੋਨੀਆਂ ਦੇ ਰਕਬੇ ਦੀ ਰਿਪੋਰਟ ਨਹੀ ਭੇਜੀ ਗਈ। ਪਰੰਤੂ ਉਪਰ ਦਿੱਤੀ ਗਈ ਕੈਲਕੁਲੇਸ਼ਨ ਅਨੁਸਾਰ ਐਸ.ਟੀ.ਪੀ. ਦੀ ਲਾਗਤ ਵੀ Add ਕੀਤੀ ਗਈ ਅਤੇ ਦੋ ਕਲੋਨੀਆਂ ਦੇ ਈ.ਡੀ.ਸੀ. ਚਾਰਜਿਜ (ਡੀਵੈਲਿੰਗ ਯੂਨਿਟਾਂ ਤੇ ਆਧਾਰ ਤੇ) ਵੀ Add ਕੀਤੇ ਗਏ ਸੀ, ਜਿਸ ਨਾਲ Duplication ਹੋ ਰਹੀ ਸੀ। ਇਸ ਲਈ ਕੇਵਲ ਦੋ ਕਲੋਨੀਆਂ ਦੇ ਚਾਰਜਿਜ ਉਹਨਾ ਵੱਲੋ ਦਿੱਤੇ ਗਏ ਡੀਵੈਲਿੰਗ ਯੂਨਿਟਾਂ ਦੇ ਆਧਾਰ ਤੇ ਤੇ ਕੈਲਕੁਲੇਟ ਕੀਤੇ ਗਏ ਜੋ ਕਿ 25.83 ਕਰੋੜ ਸੀ ਅਤੇ ਉਸ ਵਿੱਚ 9.78 ਕਰੋੜ 5 ਸਾਲ ਦੀ ਐਸ.ਟੀ.ਪੀ. ਦੀ ਮੇਨਟੀਨੈਂਸ Add ਕਰਕੇ ਕੁੱਲ ਡਿਮਾਂਡ 35.61 ਕਰੋੜ ਦੀ ਬਣਾਈ ਗਈ ਅਤੇ ਬਾਕੀ ਡਿਮਾਂਡ ਪੈਡਿੰਗ ਰੱਖੀ ਗਈ। ਇਸ ਤੋ ਇਲਾਵਾ ਗਲਾਡਾ ਵਿਭਾਗ ਨੂੰ ਦੁਬਾਰਾ ਕਲੋਨੀਆਂ ਦੀ ਵਿਸਥਾਰ ਪੂਰਵਕ ਡਿਟੇਲ ਭੇਜਣ ਲਈ ਵੀ ਲਿਖਿਆ ਗਿਆ ਸੀ। |
| 8 | 132/ਪੀ.ਐਸ./ਡੀ | 20-05-2022 | 20.61 ਕਰੋੜ ਰੁਪਏ | ਗਲਾਡਾ ਵੱਲੋ 2016 ਤੋ ਬਾਅਦ ਡਿਵੈਲਪ ਕੀਤੀਆਂ ਕਲੋਨੀਆਂ ਦੇ ਰਕਬੇ ਦੀ ਰਿਪੋਰਟ ਨਹੀ ਭੇਜੀ ਗਈ। ਪਰੰਤੂ ਉਪਰ ਦਿੱਤੀ ਗਈ ਕੈਲਕੁਲੇਸ਼ਨ ਅਨੁਸਾਰ ਐਸ.ਟੀ.ਪੀ. ਦੀ ਲਾਗਤ ਵੀ Add ਕੀਤੀ ਗਈ ਅਤੇ ਦੋ ਕਲੋਨੀਆਂ ਦੇ ਈ.ਡੀ.ਸੀ. ਚਾਰਜਿਜ (ਡੀਵੈਲਿੰਗ ਯੂਨਿਟਾਂ ਤੇ ਆਧਾਰ ਤੇ) ਵੀ Add ਕੀਤੇ ਗਏ ਸੀ, ਜਿਸ ਨਾਲ Duplication ਹੋ ਰਹੀ ਸੀ। ਇਸ ਲਈ ਕੇਵਲ ਦੋ ਕਲੋਨੀਆਂ ਦੇ ਚਾਰਜਿਜ ਉਹਨਾ ਵੱਲੋ ਦਿੱਤੇ ਗਏ |

| | | | | |
|---|---|---|---|---|
| | | | | ਡੀਵੈਲਿੰਗ ਯੂਨਿਟਾਂ ਦੇ ਆਧਾਰ ਤੇ ਤੇ ਕੈਲਕੁਲੇਟ ਕੀਤੇ ਗਏ ਜੋ ਕਿ 25.83 ਕਰੋੜ ਸੀ ਅਤੇ ਉਸ ਵਿੱਚ 9.78 ਕਰੋੜ 5 ਸਾਲ ਦੀ ਐਸ.ਟੀ.ਪੀ. ਦੀ ਮੇਨਟੀਨੈਂਸ Add ਕਰਕੇ ਕੁੱਲ ਡਿਮਾਂਡ 35.61 ਕਰੋੜ ਦੀ ਬਣਾਈ ਗਈ ਅਤੇ ਬਾਕੀ ਡਿਮਾਂਡ ਪੈਡਿੰਗ ਰੱਖੀ ਗਈ। ਜਿਸ ਦੇ ਸੀਵਰ ਕੁਨੈਕਟੀਵਿਟੀ ਚਾਰਜਿਜ ਦੇ ਏਵਜ ਵਿੱਚ ਪਾਰਟ ਪੇਮੈਂਟ 15 ਕਰੋੜ ਰੁ. ਗਲਾਡਾ ਵਿਭਾਗ ਵੱਲੋ ਜਮ੍ਹਾਂ ਕਰਵਾਏ ਗਏ। ਇਸ ਤੋ ਇਲਾਵਾ ਗਲਾਡਾ ਵਿਭਾਗ ਨੂੰ ਦੁਬਾਰਾ ਕਲੋਨੀਆਂ ਦੀ ਵਿਸਥਾਰ ਪੂਰਵਕ ਡਿਟੇਲ ਭੇਜਣ ਲਈ ਵੀ ਲਿਖਿਆ ਗਿਆ ਸੀ। |
| 9 | 449/ਪੀ.ਐਸ./ਡੀ | 11-11-2022 | 59.79 ਕਰੋੜ ਰੁਪਏ | ਹੁਣ ਗਲਾਡਾ ਪਾਸੋਂ 18 ਕਲੋਨੀਆਂ ਦਾ ਰਕਬਾ ਪ੍ਰਾਪਤ ਹੋਣ ਉਪਰੰਤ ਸਰਕਾਰ ਦੇ ਨੋਟੀਫਿਕੇਸ਼ਨ 2014 ਮੁਤਾਬਕ ਡਿਮਾਂਡ ਤਿਆਰ ਕੀਤੀ ਗਈ। ਕਿਉਂਜੋਂ ਇਹ ਕਲੋਨੀਆਂ ਦਾ ਸੀਵਰੇਜ 2016 ਵਿੱਚ ਜੋੜ੍ਹਿਆ ਗਿਆ ਸੀ। ਇਸ ਲਈ ਉਸ ਸਮੇਂ ਦੀ Latest policy 2014 ਮੁਤਾਬਕ ਇਹ ਡਿਮਾਡ ਬਣਾਈ ਗਈ ਹੈ। Omaxe Royal residency and Oswal Green Tech ਤੋ ਇਲਾਵਾ 15 ਹੋਰ ਕਲੋਨੀਆਂ (ਕੁੱਲ 18 ਕਲੋਨੀਆਂ) ਦੇ ਈ.ਡੀ.ਸੀ. ਚਾਰਜਿਜ One Time 62.34 ਕਰੋੜ ਰੁ. ਕੈਲਕੁਲੇਟ ਕੀਤੇ ਗਏ ਹਨ। ਇਸ ਦੀ ਡਿਟੇਲ ਟੇਬਲ ਵਿੱਚ ਦਿੱਤੀ ਗਈ ਹੈ, ਵਿੱਚੋ 15 ਕਰੋੜ ਰੁ. ਗਲਾਡਾ ਵਿਭਾਗ ਵੱਲੋ ਜਮ੍ਹਾਂ ਕਰਵਾਏ ਗਏ ਅਤੇ ਬਾਕੀ ਬਚਦੀ ਰਾਸ਼ੀ 47,34,83,400/- ਰੁ. (ਈ.ਡੀ.ਸੀ. ਚਾਰਜਿਜ) ਬਣਦੇ ਹਨ। ਇਸ ਤੋ ਇਲਾਵਾ ਮੇਨਟੀਨੈਂਸ ਚਾਰਜਿਜ 12,44,71,415/- ਰੁ. ਕੈਲਕੁਲੇਟ ਕੀਤੇ ਗਏ ਹਨ। ਜਿਸ ਅਨੁਸਾਰ ਕੁੱਲ ਰਾਸ਼ੀ 59.79 ਕਰੋੜ ਵਸੂਲਣੀ ਬਣਦੀ ਹੈ।<br>ਇਸ ਤੋ ਇਲਾਵਾ ਜਦੋ ਗਲਾਡਾ ਵਿਭਾਗ ਵੱਲੋ ਪੂਰੇ ਰਕਬੇ ਸਬੰਧੀ ਰਿਪੋਰਟ ਆ ਜਾਵੇਗੀ ਤਾਂ ਉਸਦੀ ਪੂਰੀ ਡਿਮਾਂਡ ਗਲਾਡਾ ਵਿਭਾਗ ਨੂੰ ਭੇਜੀ ਜਾਵੇਗੀ। ਇਸ ਤੋ ਇਲਾਵਾ ਬਾਕੀ ਰਹਿੰਦੀਆਂ ਕਲੋਨੀਆਂ/ ਡਿਵੈਲਪ ਕੀਤੀ ਗਏ ਕਮਰਸ਼ੀਅਲ ਅਦਾਰੇ ਬਾਰੇ ਰਿਪੋਰਟ ਗਲਾਡਾ ਵਿਭਾਗ ਵੱਲੋ ਨਹੀ ਦਿੱਤੀ ਗਈ ਹੈ, ਰਕਬੇ ਬਾਰੇ ਪੂਰੀ ਰਿਪੋਰਟ ਪ੍ਰਾਪਤ ਹੋਣ ਉਪਰੰਤ ਬਾਕੀ ਰਹਿੰਦੇ ਈ.ਡੀ.ਸੀ. ਚਾਰਜਿਜ ਦੀ ਰਿਪੋਰਟ ਗਲਾਡਾ ਵਿਭਾਗ ਨੂੰ ਭੇਜੀ ਜਾਵੇਗੀ। |

ਇਹਨਾਂ ਸੀਵਰ ਕੁਨੈਕਟੀਵਿਟੀ ਚਾਰਜਿਜ ਦੇ ਉਪਰ ਗਲਾਡਾ ਵਿਭਾਗ ਵੱਲੋ ਇਤਜਾਰ ਜਾਹਿਰ ਕੀਤਾ ਗਿਆ ਅਤੇ ਗਲਾਡਾ ਵਿਭਾਗ ਨੇ ਨੁਮਾਇੰਦਿਆਂ ਨਾਲ ਦੁਬਾਰਾ ਜੁਆਇੰਟ ਮੀਟਿੰਗ ਕਰਦੇ ਹੋਏ Government of Punjab, Department of Local Government (Town Planning Wing) ਵੱਲੋਂ ਜਾਰੀ ਮੀਮੋ ਨੰ: Dir.T.P(LG)-2014-1552 ਮਿਤੀ 26/08/2014 ਦੇ ਅਨੁਸਾਰ ਚਾਰਜਿਜ ਲੈਣ ਲਈ ਪੱਤਰ ਲਿਖਿਆ ਗਿਆ ਕਿਉਕਿ ਇਹ ਕਲੋਨੀਆਂ ਸਾਲ 2016 ਤੋ ਬਾਅਦ ਵਿੱਚ ਜੁੜੀਆਂ ਹੋਈਆ ਹਨ, ਜਿਸ ਅਨੁਸਾਰ 47,34,83,400/- (ਈ.ਡੀ.ਸੀ. ਚਾਰਜਿਜ) + 12,44,71,415/- ਰੁ. (9,78,79,275+2,65,92,140 - ਮੇਨਟੀਨੈਂਸ ਚਾਰਜਿਜ) ਅਨੁਸਾਰ ਕੁੱਲ 59,79,54,815/- ਰੁ. ਜਮ੍ਹਾਂ ਕਰਵਾਉਣ ਲਈ ਲਿਖਿਆ ਗਿਆ ਸੀ। ਇਸ ਦੇ ਸਬੰਧ ਵਿੱਚ ਗਲਾਡਾ ਵਿਭਾਗ ਵੱਲੋ ਪੱਤਰ ਨੰ: ਮੰ:ਇੰ:(ਜਸ)ਗਲਾਡਾ/ਲੁਧਿ/2022/457 ਮਿਤੀ 02/11/2022 ਰਾਹੀਂ ਲਿਖਿਆ ਗਿਆ ਹੈ ਕਿ Government of Punjab, Department of Local Government (Town Planning Wing) ਵੱਲੋਂ ਜਾਰੀ ਮੀਮੋ ਨੰ: Dir.T.P(LG)-2014-1552 ਮਿਤੀ 26/08/2014 ਦੇ ਜਾਰੀ ਪੱਤਰ ਵਿੱਚ ਸੀਵਰ ਦੇ ਯੂਜਰ ਚਾਰਜਿਜ ਅਤੇ ਮੇਨਟੀਨੈਂਸ ਚਾਰਜਿਜ ਲਈ ਕੋਈ ਵੀ ਉਪਬੰਦ ਨਹੀ ਕੀਤਾ ਗਿਆ ਹੈ। ਇਸ ਲਈ ਸਿਰਫ ਸੀਵਰ ਲਾਈਨ ਦੀ ਸ਼ੇਅਰ ਕੋਸਟ/ਈ.ਡੀ.ਸੀ. ਚਾਰਜਿਜ ਹੀ ਦੇਣਯੋਗ ਹਨ। ਜਿਸ ਦੀ ਕੁੱਲ ਰਕਮ 47,34,83,400/- ਰੁ. ਬਣਦੀ ਹੈ ਅਤੇ ਇਹਨਾਂ ਕਲੋਨੀਆਂ ਦੇ ਬਣਦੇ ਈ.ਡੀ.ਸੀ. ਚਾਰਜਿਜ ਨੂੰ ਸੋਧ ਕੇ ਦੱਸਣ ਦੀ ਖੇਚਲ ਕੀਤੀ ਜਾਵੇ।

ਜਿਸ ਅਨੁਸਾਰ ਇਹਨਾਂ ਕਲੋਨੀਆਂ ਦੇ ਈ.ਡੀ.ਸੀ. ਚਾਰਜਿਜ ਹੇਠ ਲਿਖੇ ਅਨੁਸਾਰ ਵਸੂਲ ਕੀਤੇ ਜਾਣੇ ਬਣਦੇ ਹਨ:-

| Sr. No. | Colony Name | Area of Colony (Acres) | EDC Amount Per Acre (in Lacs) | Total Amount (in Lacs) | With in MC limit or Out Side MC Limit |
|---|---|---|---|---|---|
| 1 | Basant City | 22.77 | 12.00 | 2,73,24,000 | Out Side MC Limit |
| 2 | Basant City ext 1A | 12.51 | 12.00 | 1,50,12,000 | |
| 3 | Basant City ext I | 16.97 | 12.00 | 2,03,64,000 | |
| 4 | Basant City ext II | 24.71 | 12.00 | 2,96,52,000 | |
| 5 | Anand Enclave Block-A | 8.142 | 12.00 | 97,70,400 | |
| 6 | Anand Enclave Block-B | 9.97 | 12.00 | 1,19,64,000 | |
| 7 | Anand Enclave Block-C | 20.98 | 12.00 | 2,51,76,000 | |
| 8 | Top Enclave | 9.7 | 12.00 | 1,16,40,000 | |
| 9 | Top Enclave ext I | 8.85 | 12.00 | 1,06,20,000 | |
| 10 | Omaxe | 57 | 30.00 | 17,10,00,000 | |

| | | | | | |
|---|---|---|---|---|---|
| 11 | Omaxe Sector Stara | 5.605 | 30.00 | 1,68,15,000 | |
| 12 | Centra Green | 8.63 | 30.00 | 2,58,90,000 | |
| 13 | Sarabha Nagar Ext-I | 29.31 | 12.00 | 3,51,72,000 | |
| 14 | Sarabha Nagar Ext-II | 16.52 | 12.00 | 1,98,24,000 | |
| 15 | Sarabha Nagar Ext-I block-B | 5.75 | 12.00 | 69,00,000 | |
| 16 | Sarabha Nagar Ext-III | 5.3 | 12.00 | 63,60,000 | |
| 17 | Phase-3, Dugri Road, Ludhiana | 106.42 | 12.00 | 12,77,04,000 | Within MC Limit |
| 18 | 200' wide Bye pass, Dugri Road, Ludhiana | 43.58 | 12.00 | 5,22,96,000 | |
| | **ਕੁੱਲ ਲਾਗਤ** | | | **62,34,83,400** | |
| | ਗਲਾਡਾ ਵਿਭਾਗ ਵੱਲੋ ਨਗਰ ਨਿਗਮ ਲੁਧਿਆਣਾ ਨੂੰ ਅਦਾ ਕੀਤੀ ਰਾਸ਼ੀ | | | (-) 15,00,00,000 | |
| | **ਬਕਾਇਆ ਪ੍ਰਾਪਤ ਕਰਨ ਯੋਗ ਰਾਸ਼ੀ** | | | **47,34,83,400** | |
| | **Say Rs. 47.35 Cr.** | | | | |

ਇਸ ਤੋ ਇਲਾਵਾ ਗਲਾਡਾ ਵਿਭਾਗ ਵੱਲੋ ਡਿਵੈਲਪ ਕੀਤੀ ਗਏ ਕਮਰਸ਼ੀਅਲ ਅਦਾਰੇ (ਪੈਟ੍ਰੋਲ ਪੰਪ, ਮੈਰਿਜ ਪੈਲੇਜ, ਮਾਲ
'Y' ਆਦਿ) ਹਨ, ਉਹਨਾ ਦਾ ਸੀਵਰ ਅਤੇ ਪਾਣੀ ਵੀ ਨਗਰ ਨਿਗਮ ਦੀ ਮੇਨ ਸੀਵਰ ਲਾਈਨ ਵਿੱਚ ਜਾ ਰਿਹਾ ਹੋਵੇਗਾ। ਇਸ ਲਈ ਉਹਨਾਂ ਵੱਲੋ ਜਾਂਚ ਕਰਨੀ ਬਣਦੀ ਹੈ। ਇਸ ਲਈ ਇਹਨਾਂ ਅਦਾਰਿਆਂ ਬਾਰੇ ਗਲਾਡਾ ਵਿਭਾਗ ਪਾਸੋਂ ਰਿਪੋਰਟ ਲੈਣੀ ਬਣਦੀ ਹੈ।

ਇਸ ਤੋ ਇਲਾਵਾ ਦੁੱਗਰੀ ਰੋਡ ਤੇ ਗਲਾਡਾ ਵਿਭਾਗ ਵੱਲੋ ਜੋ ਅਰਬਨ ਅਸਟੇਟ ਫੇਸ-3 ਅਤੇ 200 ਫੁੱਟ ਬਾਈਪਾਸ ਡਿਵੈਲਪ ਕੀਤਾ ਗਿਆ ਹੈ, ਉਸਦੀ ਸੀਵਰ ਲਾਈਨ ਨੂੰ ਅਤੇ ਉਸਦੀ ਓਪਰੇਸ਼ਨ ਅਤੇ ਮੇਨਟੀਨੈਂਸ ਟੇਕ ਓਵਰ ਕੀਤਾ ਜਾਣਾ ਹੈ। ਇਹ ਇਲਾਕੇ ਟੇਕ ਓਵਰ ਕਰਨ ਉਪਰੰਤ ਸੀਵਰ ਅਤੇ ਪਾਣੀ ਦੇ ਯੂਜ਼ਰ ਚਾਰਜਿਜ ਵੀ ਨਗਰ ਨਿਗਮ ਵੱਲੋ ਕੁਲੈਕਟ ਕੀਤੇ ਜਾਣਗੇ।

ਦੁੱਗਰੀ ਇਲਾਕੇ ਦੇ ਸੀਵਰ ਅਤੇ ਪਾਣੀ ਦੇ ਇੰਨਫਰਾਸਟਰਕਚਰ ਨੂੰ ਟੇਕ ਓਵਰ ਕਰਨ ਲਈ ਨਗਰ ਨਿਗਮ ਅਤੇ ਗਲਾਡਾ ਵਿਭਾਗ ਦੇ ਅਧਿਕਾਰੀਆਂ ਵੱਲੋ ਜੁਆਇੰਟ ਸਰਵੇ ਕੀਤਾ ਗਿਆ ਅਤੇ ਇਸ ਇੰਨਫਰਾਸਟਰਕਚਰ ਵਿੱਚ ਜੋ ਖਾਮੀਆਂ ਪਾਈਆ ਗਈਆ ਹਨ, ਉਹਨਾਂ ਨੂੰ ਦਰੁੱਸਤ ਕਰਨ ਲਈ ਇੱਕ ਤਖਮੀਨਾਂ 77.51 ਲੱਖ ਰੁ. (ਕਾਪੀ ਨੱਥੀ) ਦਾ ਤਿਆਰ ਕੀਤਾ ਗਿਆ, ਜੋ ਕਿ ਟੇਕ ਓਵਰ ਕਰਨ ਤੋ ਪਹਿਲਾਂ ਵਸੂਲਣਾ ਬਣਦਾ ਹੈ। ਇਥੇ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਦੁੱਗਰੀ ਰੋਡ ਇਲਾਕੇ ਦੇ ਸਿਰਫ ਪਾਣੀ/ਸੀਵਰ ਦੇ ਇੰਨਫਰਾਸਟਰਕਚਰ ਟੇਕ ਓਵਰ ਕੀਤਾ ਜਾ ਰਿਹਾ ਹੈ। ਸੜਕਾਂ, ਸਟਰੀਟ ਲਾਈਟਾਂ ਅਤੇ ਪਾਰਕਾਂ ਨੂੰ ਟੇਕ ਓਵਰ ਕਰਨ ਲਈ ਵਖਰਾ ਤਖਮੀਨਾਂ ਤਿਆਰ ਕੀਤਾ ਜਾ ਰਿਹਾ ਹੈ।

ਇਥੇ ਇਹ ਦੱਸਣ-ਯੋਗ ਹੈ ਕਿ ਪੱਖੋਵਾਲ ਰੋਡ ਓਪਰ ਜੋ 16 ਕਲੋਨੀਆਂ (ਲੜੀ ਨੰ. 1 ਤੋ 16) ਗਲਾਡਾ ਵਿਭਾਗ ਦੇ ਸੀਵਰ ਨਾਲ ਜੁੜਨ ਉਪਰੰਤ ਨਗਰ ਨਿਗਮ ਦੀ ਮੇਨ ਸੀਵਰ ਲਾਈਨ ਨਾਲ ਵਿੱਚ ਪਾਣੀ ਸੁੱਟ ਰਹੀਆਂ ਹਨ, ਉਹਨਾਂ ਦੇ ਪਾਣੀ ਨੂੰ ਟਰੀਟ ਕਰਨ ਲਈ ਜੋ ਨਗਰ ਨਿਗਮ ਵੱਲੋ ਐਸ.ਟੀ.ਪੀ. ਦੀ ਮੇਨਟੀਨੈਂਸ ਦਾ ਖਰਚਾ ਕੀਤਾ ਜਾ ਰਿਹਾ ਹੈ, ਉਹ ਖਰਚਾ 'Z' 12,44,71,415/- ਰੁ. ਦੀ ਮੰਗ ਗਲਾਡਾ ਵਿਭਾਗ ਪਾਸੋਂ ਮੰਗ ਕੀਤੀ ਗਈ ਹੈ। ਇਸ ਮੇਨਟੀਨੈਂਸ ਚਾਰਜਿਜ ਨੂੰ ਲੈਣ ਲਈ ਗਲਾਡਾ ਵਿਭਾਗ ਦੀ ਸੀਵਰ ਲਾਈਨ ਜੋ ਕਿ ਨਗਰ ਨਿਗਮ ਦੀ ਹਦੂਦ ਤੋ ਬਾਹਰ ਪੈਂਦੀ ਹੈ ਨੂੰ ਟੇਕ ਓਵਰ ਕਰਨ ਲਈ ਸਪੈਸ਼ਲ ਕੇਸ ਵਿਚਾਰਿਆ ਜਾਵੇਗਾ ਅਤੇ ਇਹ ਕੇਸ ਪ੍ਰਵਾਨ ਹੋਣ ਉਪਰੰਤ ਹੀ ਟੇਕ ਓਵਰ ਕਰਨ ਬਾਰੇ ਫੈਸਲਾ ਕੀਤਾ ਜਾਵੇਗਾ।

ਇਸ ਲਈ ਉਕਤ ਅਨੁਸਾਰ ਗਲਾਡਾ ਵਿਭਾਗ ਪਾਸੋਂ ਪੱਖੋਵਾਲ ਰੋਡ 16 ਕਲੋਨੀਆਂ (ਲੜੀ ਨੰ. 1 ਤੋ 16) ਅਤੇ ਦੁਗਰੀ
'X' ਏਰੀਏ 2 ਕਲੋਨੀਆਂ (ਲੜੀ ਨੰ.17 ਤੋ 18) ਵਿੱਚ ਉਕਤ 18 ਕਲੋਨੀਆਂ ਦੇ ਸੀਵਰ ਨੂੰ ਕੁਨੈਕਟੀਵਿਟੀ ਦੇਣ ਦੇ ਏਵਜ ਵਿੱਚ 47.35 ਕਰੋੜ ਰੁ. ਬਤੌਰ ਈ.ਡੀ.ਸੀ. ਚਾਰਜਿਜ ਅਤੇ ਦੁੱਗਰੀ ਰੋਡ ਤੇ ਇੰਨਫਰਾਸਟਰਕਚਰ ਨੂੰ ਦਰੁੱਸਤ ਕਰਨ ਦੇ ਏਵਜ ਵਿੱਚ 77.51 ਲੱਖ ਰੁ. ਵਸੂਲਣ ਉਪਰੰਤ ਨਗਰ ਨਿਗਮ ਲੁਧਿਆਣਾ ਵੱਲੋ ਦੁੱਗਰੀ ਏਰੀਏ ਦੀ ਪਾਣੀ/ਸੀਵਰ ਲਾਈਨ ਨੂੰ ਟੇਕ ਓਵਰ ਕਰਕੇ ਪਾਣੀ/ਸੀਵਰ ਦੇ ਯੂਜ਼ਰ ਚਾਰਜ਼ਿਜ਼ ਕੁਲੈਕਟ ਕਰਨ ਲਈ ਯੋਗ ਹੁਕਮਾਂ ਹਿੱਤ ਪੇਸ਼ ਹੈ ਜੀ।

ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 27-01-2023 ਨੂੰ ਕੇਸ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਇਸ ਪ੍ਰਕਾਰ ਦਿੱਤੀ ਹੈ ਕਿ

" It is proposed that:

1. As detailed at 'x' Glada may be asked to deposit this money w/s of 2 colonies at sr.no. 17& 18 be taken over.
2. As per 'y'Glada should be asked to submit details of any other building whose sewerage is draining into this lime & EDC charges be demanded for that.
3. As per 'z' decision regarding user charges has to be taken separately.

To be decided in 'General House'.

ਮਾਨਯੋਗ ਮੇਅਰ ਜੀ ਨੇ ਮਿਤੀ 28-01-2023 ਰਾਹੀਂ "Put in House" ਲਿਖਦਿਆ ਹੋਇਆ ਪ੍ਰਵਾਨਗੀ ਦਿੱਤੀ ਹੈ। ਕੇਸ ਮਾਨਯੋਗ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।

**ਮਤਾ ਨੰ: 413**

**ਪ੍ਰਵਾਨ ਹੈ।**

**ਸਹੀ/-**

**ਮੇਅਰ**

**10-02-2023**

**ਮੱਦ ਨੰ: 4 /ਡਰਾਇੰਗ ਬਰਾਂਚ/**

**ਵਿਸ਼ਾ:- ਨਗਰ ਨਿਗਮ ਲੁਧਿਆਣਾ ਦੀਆਂ ਵੇਚਣ ਯੋਗ ਪ੍ਰਾਪਰਟੀਆਂ ਸਬੰਧੀ।**

ਨੋਟ ਦਫਤਰੀ ਰਿਪੋਰਟ ਮਿਤੀ 30-11-22 ਕਿ" ਉਪਰੋਕਤ ਵਿਸ਼ੇ ਦੇ ਸਬੰਧੀ ਉੱਚ ਅਧਿਕਾਰੀਆ ਵੱਲੋਂ ਨਗਰ ਨਿਗਮ ਦੇ ਚਾਰੋਂ ਜੋਨਾਂ ਅਧੀਨ ਅਜਿਹੀਆਂ ਪ੍ਰਾਪਰਟੀਆਂ ਜਿਹਨਾਂ ਨੂੰ ਵੇਚਿਆ ਜਾ ਸਕਦਾ ਹੋਵੇ ਜਾਂ ਰੈਂਟ / ਲੀਜ ਤੇ ਦਿੱਤਾ ਜਾ ਸਕੇ ਸਬੰਧੀ ਰਿਪੋਰਟ ਦੀ ਮੰਗ ਕੀਤੀ ਗਈ ਸੀ।ਇਹਨਾਂ ਹੁਕਮਾਂ ਦੀ ਪਾਲਣਾ ਕਰਦੇ ਹੋਏ ਚਾਰੋ ਜੋਨਾਂ ਪਾਸੋ ਨਗਰ ਨਿਗਮ ਦੀਆਂ ਵੇਚਣ ਯੋਗ ਪ੍ਰਾਪਰਟੀਆਂ/ਰੈਂਟ/ ਲੀਜ ਤੇ ਦਿੱਤੇ ਜਾਣ ਵਾਲੇ ਪ੍ਰਾਪਰਟੀਆ ਦੀ ਸੂਚਨਾ ਜੁਆਇੰਟ ਕਮਿਸ਼ਨਰ (ਐਮ) ਜੀ ਵੱਲੋਂ ਨਿਰਧਾਰਤ ਪ੍ਰੋਫਾਰਮੇ ਅਨੁਸਾਰ ਇੱਕਤਰ ਕਰ ਲਈ ਗਈ ਹੈ।ਜਿਹਨਾਂ ਦਾ ਵੇਰਵਾ ਹੇਠ ਅਨੁਸਾਰ ਹੈ:-

| Sr. No | Zone | Detail / Location of Property | Area (In Acres) | Nature/ Use | Collector Rate | Market Rate | Proposal | Remarks/ Encumbrance Free Court Case etc. |
|---|---|---|---|---|---|---|---|---|
| 1. | B | Nil | Nil | Nil | Nil | Nil | Nil | Nil |
| 2. | C | Block-B 1st Floor | 871 sq.yds | Room No-1, 4 Open | 34,600/- | 2,00,000/- Per sq.yds | Rent / Sale | ਕੋਈ ਕੋਰਟ ਕੇਸ ਨਹ ਚੱਲ ਰਿਹਾ ਹੈ ਬਿਲਡਿੰਗ ਦੀ ਹਾਲਤ ਖਸਤਾ ਹੈ, ਰਿਪੇਅਰ ਯੋਗ ਹੈ। |
| 3. | C | Block-B 2nd Floor | 871 sq.yds | Room No-10 to 14 Open | 34,600/ | 2,00,000/- Per sq.yds | Rent / Sale | -ਉਹੀ- |
| 4. | C | Block-C 1st Floor | 871 sq.yds | Open | 34,600/ | 2,00,000/- Per sq.yds | Rent / Sale | -ਉਹੀ- |
| 5. | C | Block-C 2nd Floor | 871 sq.yds | Open | 34,600/ | 2,00,000/- Per sq.yds | Rent / Sale | -ਉਹੀ- |
| 6. | C | Block-D1 1st Floor | 871 sq.yds | Room No-1 to 3 Open | 34,600/ | 2,00,000/- Per sq.yds | Rent / Sale | -ਉਹੀ- |
| 7. | C | Block-D1 2nd Floor | 871 sq.yds | Room No-1 to 6 Open | 34,600/ | 2,00,000/- Per sq.yds | Rent / Sale | -ਉਹੀ- |
| 8. | C | Block-F 1st Floor | 871 sq.yds | Room No-2, 5 Open | 34,600/ | 2,00,000/- Per sq.yds | Rent / Sale | -ਉਹੀ- |
| 9. | C | Block-F 2nd Floor | 871 sq.yds | Room No-1, 2 to 6 Open | 34,600/ | 2,00,000/- Per sq.yds | Rent / Sale | -ਉਹੀ- |
| 10. | D | Opposite Sub-Registrar office, On main Hambran road, Dairy Complex. | Approx. 6500 Sq.yds | Commercial | 9775/- | 60,000/- | ਇਹ ਸਾਈਟ ਕਾਰੋਬਾਰੀ ਮੰਤਵ ਲਈ ਵੇਚੀ ਜਾ ਸਕਦੀ ਹੈ। | This property is free from encumbrance And no court case is pending regarding this property. |
| 11. | D | On Main Pakhowal / Lodhi Club road (Hotel Site) | Approx. 4000 Sq.yds | Commercial | 20240/- | 1,00,000/- | ਇਹ ਸਾਈਟ ਹੋਟਲ/ਕਾਰੋਬਾਰੀ ਮੰਤਵ ਲਈ ਵੇਚੀ ਜਾ ਸਕਦੀ ਹੈ। | This property is free from encumbrance And no court case is pending regarding property. |
| 12. | D | Near Petrol Pump, Backside SCO's in Haibowal Dairy Complex | Approx. 50 Sq.yds | Commercial | 6095/- | 35,000/- | ਇਹ ਪਲਾਟ ਨੂੰ ਦੁਕਾਨ ਮੰਤਵ ਲਈ ਵੇਚਿਆ ਜਾ ਸਕਦਾ ਹੈ। | This property is free from encumbrance And no court case is pending regarding property. |
| 13. | D | Backside Rose Garden, Vacant Land | Approx. 3000 Sq.yds | Residential | 4600/- | 25,000/- | ਇਹ ਸਾਈਟ ਨੂੰ ਰਿਹਾਇਸ਼ੀ ਮੰਤਵ ਲਈ ਪਲਾਟ ਕੱਟ ਕੇ ਵੇਚਿਆ ਜਾ ਸਕਦਾ ਹੈ। | This property is free from encumbrance And no court case is pending regarding property. |
| 14. | D | Adjoining Petrol pump, Backside Kailash Cinema | Approx. 300 Sq.yds | Commercial | 27675/- | 60,000/- | ਇਹ ਸਾਈਟ ਕਾਰੋਬਾਰੀ ਮੰਤਵ ਲਈ ਵੇਚੀ ਜਾ ਸਕਦੀ ਹੈ। | This property is free from encumbrance And no court case is pending regarding property. |
| 15. | D | Chat Market, Fountain Chowk | Approx. 15 Shops | Commercial | 69065 | 70,000/- | ਇਸ ਜਗ੍ਹਾ ਗਰਾਂਉਂਡ ਫਲੋਰ ਤੇ ਦੁਕਾਨਾ ਵੇਚੀਆਂ ਹੋਈਆਂ ਹਨ। ਇਸ ਜਗ੍ਹਾ ਫਸਟ ਫਲੋਰ ਤੇ ਦੁਕਾਨਾ | This property is free from encumbrance And no court case is pending regarding property. |

| | | | | | | | | |
|---|---|---|---|---|---|---|---|---|
| | | | | | | | ਬਣਾ ਕੇ ਵੇਚੀਆਂ ਜਾ ਸਕਦੀਆਂ ਹਨ। | |
| 16. | D | Old Session Chowk, Shops under Bridge | ---- | Commercial | 8265/- | ------ | ਇਸ ਜਗ੍ਹਾ ਪੁੱਲ ਦੇ ਹੇਠਾਂ ਦੁਕਾਨਾ ਬਣਾ ਕੇ ਵੇਚੀਆਂ ਜਾ ਸਕਦੀਆਂ ਹਨ ਜਾਂ ਕਿਰਾਏ ਤੇ ਦਿੱਤੀਆਂ ਜਾ ਸਕਦੀਆਂ ਹਨ। | This property is free from encumbrance And no court case is pending regarding property. |
| 17. | D | Goal Market, near Damoria Bridge | Approx. 25 Shops | Commercial | 20710/- | 40,000/- | ਇਸ ਜਗ੍ਹਾ ਗਰਾਂਉਂਡ ਫਲੋਰ ਤੇ ਦੁਕਾਨਾ ਵੇਚੀਆਂ ਹੋਈਆਂ ਹਨ। ਇਸ ਜਗ੍ਹਾ ਫਸਟ ਫਲੋਰ ਤੇ ਦੁਕਾਨਾ ਬਣਾ ਕੇ ਵੇਚੀਆਂ ਜਾ ਸਕਦੀਆਂ ਹਨ। | This property is free from encumbrance And no court case is pending regarding property. |
| 18. | D | Property On Barewal Ayali Kalan, Link Road | Approx. 1200 Sq.yds | Residential | 12000/- | 30,000/- | ਇਹ ਸਾਈਟ ਰਿਹਾਇਸ਼ੀ ਮੰਤਵ ਲਈ ਵੇਚੀ ਜਾ ਸਕਦੀ ਹੈ। | This property is free from encumbrance And no court case is pending regarding this property. |

ਇਸ ਲਈ ਯੋਗ ਹੋਵੇਗਾ ਕਿ ਉਕਤ ਪ੍ਰਾਪਤ ਰਿਪੋਰਟਾਂ ਅਨੁਸਾਰ ਇਹਨਾਂ ਪ੍ਰਾਪਰਟੀਆਂ ਦੇ ਰੇਟ ਪ੍ਰਾਈਜ ਫਿਕਸਿੰਗ ਕਮੇਟੀ ਪਾਸ ਭੇਜਦੇ ਹੋਏ ਰੇਟ ਨਿਰਧਾਰਤ ਕਰਵਾਉਣ ਹਿੱਤ ਬੇਨਤੀ ਕੀਤੀ ਜਾਣੀ ਬਣਦੀ ਹੈ ਅਤੇ ਇਸਦੇ ਨਾਲ ਹੀ ਵੇਚਣ ਯੋਗ ਪ੍ਰਾਪਰਟੀਆ ਨੂੰ ਵੇਚਣ ਤੋ ਪਹਿਲਾ ਮਾਨਯੋਗ ਜਨਰਲ ਹਾਉਸ ਪਾਸੋ ਪ੍ਰਵਾਨਗੀ ਲੋੜੀਂਦੀ ਹੈ ਤਾਂ ਜੋ ਪ੍ਰਾਈਜ ਫਿਕਸਿੰਗ ਕਮੇਟੀ ਪਾਸੋ ਨਿਰਧਾਰਤ ਹੋਣ ਵਾਲੇ ਰੇਟ ਅਤੇ ਮਾਨਯੋਗ ਜਨਰਲ ਹਾਉਸ ਦੀ ਪ੍ਰਵਾਨਗੀ ਅਨੁਸਾਰ ਇਹਨਾਂ ਪ੍ਰਾਪਰਟੀਆਂ ਨੂੰ ਖੁੱਲੀ ਬੋਲੀ /ਆਕਸ਼ਨ ਰਾਹੀਂ ਵੇਚਣ ਹਿੱਤ ਅੱਗਲੇਰੀ ਲੋੜੀਂਦੀ ਕਾਰਵਾਈ ਕਰਨ ਲਈ ਕੇਸ ਸੇਲ ਸ਼ਾਖਾ ਨੂੰ ਭੇਜਿਆ ਜਾ ਸਕੇ।

ਜੇਕਰ ਪ੍ਰਵਾਨ ਹੋਵੇ ਤਾਂ ਉਕਤ ਅਨੁਸਾਰ ਰਿਪੋਰਟ ਜਾਣਕਾਰੀ ਅਤੇ ਅੱਗਲੇਰੀ ਲੋੜੀਂਦੀ ਕਾਰਵਾਈ ਹਿੱਤ ਪੇਸ਼ ਹੈ ਜੀ।

ਉਕਤ ਸਬੰਧੀ ਨਿਗਮ ਨਗਰ ਯੋਜਨਾਕਾਰ ਜੀ ਵੱਲੋਂ ਮਿਤੀ 30-11-2022 ਰਾਹੀਂ ਸਹਿਮਤੀ ਜਤਾਈ ਹੈ।

ਉਕਤ ਸਬੰਧੀ ਸਯੁੰਕਤ ਕਮਿਸ਼ਨਰ (ਐਮ) ਜੀ ਵੱਲੋਂ ਮਿਤੀ 30-11-2022 ਰਾਹੀ ਲਿਖਿਆ ਹੈ ਕਿ " Case may be sent parallely to PFC as well as house for approval as both are independent decision, submitted please".

ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 30-11-2022 ਰਾਹੀਂ ਲਿਖਦੇ ਹੋਏ " To be decided in Gen. House. Also to be sent to DC Ldh to convene DPFC for fixcing reserve price." ਪ੍ਰਸ਼ਾਸਕੀ ਪ੍ਰਵਾਨਗੀ ਦਿੱਤੀ ਹੈ।ਮਾਨਯੋਗ ਮੇਅਰ ਸਾਹਿਬ ਜੀ ਨੇ ਮਿਤੀ 2-12-2022 ਨੂੰ ਉਪਰੋਕਤ ਕੇਸ ਨੂੰ ਮਾਨਯੋਗ ਹਾਊਸ ਵਿੱਚ ਪੇਸ਼ ਕਰਨ ਦੀ ਆਗਿਆ ਦਿੱਤੀ ਹੈ।

ਕੇਸ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।

**ਮਤਾ ਨੰ: 414**

**ਰੱਦ ਹੈ।**

**ਸਹੀ/-**

**ਮੇਅਰ**

**10-02-2023**

**ਮੱਦ ਨੰ:- 5 /ਰੈਂਟ ਐਡ ਲੀਜ਼(ਹੈ-ਕੁ)/**

**ਵਿਸ਼ਾਂ:- ਸ਼ੇਰਪੁਰ ਚੌਂਕ ਵਾਇਆ ਘੰਟਾ ਘਰ ਤੋਂ ਜਲੰਧਰ ਬਾਈਪਾਸ ਵੱਲ ਨਗਰ ਨਿਗਮ, ਲੁਧਿਆਣਾ ਦੀ ਹਦੂਦ ਅੰਦਰ ਪੈਂਦੇ ਪੈਟਰੋਲ ਪੰਪਾਂ ਨੂੰ ਰੈਂਟ/ਲੀਜ਼ ਤੇ ਦੇਣ ਅਤੇ ਰੇਟ ਨਿਰਧਾਰਤ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਜੀ ਦੇ ਧਿਆਨ ਵਿਚ ਲਿਆਇਆ ਜਾਂਦਾ ਹੈ ਕਿ ਸ਼ੇਰਪੁਰ ਚੌਂਕ ਵਾਇਆ ਘੰਟਾ ਘਰ ਤੋਂ ਜਲੰਧਰ ਬਾਈਪਾਸ ਵੱਲ ਨਗਰ ਨਿਗਮ, ਲੁਧਿਆਣਾ ਦੀ ਹਦੂਦ ਅੰਦਰ ਕੁੱਲ ਹੇਠ ਲਿਖੇ ਛੇ ਪੈਟਰੋਲ ਪੰਪ ਆਉਂਦੇ ਹਨ :-

1. ਕੇ.ਸੀ.ਪੈਟਰੋਲ ਪੰਪ, ਲੋਕਲ ਅੱਡਾ
2. ਇੰਡੀਅਨ ਆਇਲ, ਸਲੇਮ ਟਾਬਰੀ ਨਜ਼ਦੀਕ ਪੁਰਾਣੀ ਸਬਜ਼ੀ ਮੰਡੀ
3. ਇੰਡੀਅਨ ਆਇਲ ਜਲੰਧਰ ਬਾਈਪਾਸ ਨੇੜੇ ਦਾਣਾ ਮੰਡੀ
4. ਇੰਡੀਅਨ ਆਇਲ ਨੇੜੇ ਜਲੰਧਰ ਬਾਈਪਾਸ ਸਾਹਮਣੇ ਪੰਜਾਬ ਐਗਰੋ
5. ਐਚ.ਪੀ. ਪੈਟ੍ਰੋਲ ਪੰਪ, ਸਾਹਮਣੇ ਮਿਲਟਰੀ ਕੈਂਪ
6. ਇੰਡੀਅਨ ਆਇਲ ਵਿਸ਼ਕਰਮਾ ਚੌਂਕ

ਇਹ ਪੈਟ੍ਰੋਲ ਪੰਪ ਪਹਿਲਾਂ ਪੀ.ਡਬਲਿਯੂ.ਡੀ ਵਿਭਾਗ ਵੱਲੋਂ ਲੀਜ਼ ਤੇ ਦਿੱਤੇ ਹੋਏ ਸਨ ਜਿੰਨ੍ਹਾਂ ਦੀ ਲੀਜ਼ ਸਾਲ 2017 ਤੋਂ ਬੰਦ ਪਈ ਹੈ। ਬਿਲਡਿੰਗ ਸ਼ਾਖਾ ਦੀ ਰਿਪੋਰਟ ਅਨੁਸਾਰ ਉਪਰੋਕਤ ਪੰਪਾਂ ਵਿਚੋਂ ਲੜੀ ਨੰਬਰ 1 ਤੇ ਪੈਂਦੇ ਪੈਟਰੋਲ ਪੰਪ ਕੇ.ਸੀ.ਐਂਡ ਕੰਪਨੀ ਸਬੰਧੀ ਕਾਰਜ਼ਕਾਰੀ ਇੰਜੀਨੀਅਰ(ਉਸਾਰੀ ਮੰਡਲ) ਲੋਕ ਨਿਰਮਾਣ ਵਿਭਾਗ, (ਭਵਨ ਅਤੇ ਮਾਰਗ ਸ਼ਾਖਾ) ਦੇ ਪੱਤਰ ਨੰਬਰ 921 ਮਿਤੀ: 24-9-2020 ਵਿਚ ਲਿਖਿਆ ਗਿਆ ਹੈ ਕਿ ਕੇ.ਸੀ.ਐਂਡ ਕੰਪਨੀ ਲੋਕਲ ਬੱਸ ਅੱਡਾ (ਹਿੰਦੁਸਤਾਨ ਪੈਟ੍ਰੋਲ ਪੰਪ) ਜੋ ਕਿ ਪੁਰਾਣੀ ਜੀ.ਟੀ.ਰੋਡ ਤੇ ਲੱਗਾ ਹੋਇਆ ਹੈ ਇਹ ਏਰੀਆ ਨਗਰ ਨਿਗਮ, ਲੁਧਿਆਦਾ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ ਇਸ ਲਈ ਇਸਦੀ ਲੀਜ਼ ਰੀਨਿਯੂ ਕਰਵਾਉਣ ਸਬੰਧੀ ਨਗਰ ਨਿਗਮ, ਲੁਧਿਆਣਾ ਨਾਲ ਲਿਖਾ ਪੜ੍ਹੀ ਕੀਤੀ ਜਾਵੇ। ਪੀ.ਡਬਲਿਯੂ. ਡੀ ਵਿਭਾਗ ਦੇ ਇਸ ਪੱਤਰ ਦੇ ਤਹਿਤ ਨਗਰ ਨਿਗਮ, ਲੁਧਿਆਣਾ ਦੀ ਬਿਲਡਿੰਗ ਸ਼ਾਖਾ ਵੱਲੋਂ ਨਗਰ ਨਿਗਮ, ਲੁਧਿਆਣਾ ਦੀ ਹਦੂਦ ਅੰਦਰ ਪੈਂਦੇ ਲੜੀ ਨੰਬਰ 1 ਦੇ ਪੈਟ੍ਰੋਲ ਪੰਪ ਸਬੰਧੀ ਪੀ.ਡਬਲਿਯ.ਡੀ. ਦੇ ਸਾਲ 1983 ਦੇ ਪੱਤਰ ਦੇ ਤਹਿਤ ਰੇਟ ਨਿਰਧਾਰਤ ਕਰਕੇ ਤਜ਼ਵੀਜ਼ ਭੇਜੀ ਜਾ ਚੁੱਕੀ ਹੈ।

ਇੱਥੇ ਇਹ ਧਿਆਨ ਵਿਚ ਲਿਆਉਣਾ ਯੋਗ ਹੋਵੇਗਾ ਕਿ ਇਹ ਪੰਪ ਜੀ.ਟੀ.ਰੋਡ ਤੇ ਸਥਿਤ ਹੋਣ ਕਾਰਨ ਇੰਨ੍ਹਾਂ ਦੀ ਲੀਜ਼ ਪੀ.ਡਬਲਿਯੂ. ਡੀ ਵਿਭਾਗ ਵੱਲੋਂ ਕੀਤੀ ਜਾਂਦੀ ਸੀ ਜੋ ਕਿ ਸਾਲ 2017 ਤੋਂ ਬੰਦ ਪਈ ਹੈ ਅਤੇ ਹੁਣ ਇਸ ਏਰੀਏ ਦਾ ਅਧਿਕਾਰ ਖੇਤਰ ਨਗਰ ਨਿਗਮ, ਲੁਧਿਆਣਾ ਦਾ ਹੈ। ਇਸ ਲਈ ਯੋਗ ਹੋਵੇਗਾ ਕਿ ਉਪਰੋਕਤ ਸਾਰੇ ਪੰਪਾਂ ਨੂੰ ਰੈਂਟ/ਲੀਜ਼ ਤੇ ਦੇਣ ਲਈ ਸਾਲ 2022 ਤੱਕ ਪੀ.ਡਬਲਿਯੂ.ਡੀ. ਦੇ ਸਾਲ 1983 ਦੇ ਪੱਤਰ ਅਨੁਸਾਰ ਲੀਜ਼ ਲੈਣ ਅਤੇ ਸਾਲ 2023 ਤੋਂ ਰੇਟ ਫਿਕਸੇਸ਼ਨ ਕਮੇਟੀ ਵਿਚ ਰੇਟ ਨਿਰਧਾਰਤ ਕਰਨ ਲਈ ਕੇਸ ਭੇਜੇ ਜਾਣ ਲਈ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮਾਨਯੋਗ ਹਾਊਸ ਦੀ ਪ੍ਰਵਾਨਗੀ ਲਈ ਸੁਪਰਡੰਟ ਰੈਟ ਐਡ ਲੀਂਜ ਵੱਲੋ ਸਬੰਧਤ ਕੇਸ ਸੰਯੁਕਤ ਕਮਿਸ਼ਨਰ (ਐਮ) ਨੂੰ ਭੇਜਿਆ ਗਿਆ ਜਿਸ ਵਿੱਚ ਉਹਨਾ ਵੱਲੋ ਮਿਤੀ 13-12-2022 ਨੂੰ ਲਿਖਦੇ ਹੋਏ

**'A' "Submitted for dicision of Gen . House . Punjab as well as approval on writing to DC Office**

**'B' for price fixation of the land / Construction for rent/lease purpose."** ਕੇਸ ਮਾਣਯੋਗ ਕਮਿਸ਼ਨਰ ਨਗਰ ਨਿਗਮ , ਲੁਧਿਆਣਾ ਜੀ ਨੂੰ ਭੇਜਿਆ ਗਿਆ। ਮਾਣਯੋਗ ਕਮਿਸ਼ਨਰ , ਨਗਰ ਨਿਗਮ , ਲੁਧਿਆਣਾ ਜੀ ਵੱਲੋ ਮਿਤੀ 15-12-2022 ਨੂੰ ਕੇਸ ਦੀ ਪ੍ਰਸ਼ਾਸਕੀ ਪ੍ਰਵਾਨਗੀ ਦਿੰਦੇ ਹੋਏ ਲਿਖਿਆ ਗਿਆ ਕਿ **"A" & "B" approved . send to DPFC for fixing the price . Gen, House to decide regarding rate/lease bill 2022 & for further allotment as per Pb Transfer of Mun. Properties act.**

ਮਾਣਯੋਗ ਮੇਅਰ ਸਾਹਿਬ ਜੀ ਵੱਲੋ ਮਿਤੀ 21-12-2022 ਨੂੰ ਲਿਖਿਆ ਗਿਆ ਕਿ " **Put up in House"** ਕੇਸ ਮਾਣਯੋਗ ਹਾਊਸ ਵਿੱਚ ਵਿਚਾਰ ਹਿੱਤ ਪੇਸ਼ ਹੈ ਜੀ।

**ਮਤਾ ਨੰ: 415**

**ਇਸ ਮੰਤਵ ਲਈ ਮਾਣਯੋਗ ਮੇਅਰ ਜੀ ਵੱਲੋ ਬਣਾਈ ਗਈ ਕਮੇਟੀ ਦੀ ਰਿਪੋਰਟ ਪ੍ਰਾਪਤ ਕਰਨ ਉਪਰੰਤ ਕੇਸ ਪੁੱਟ-ਅੱਪ ਕੀਤਾ ਜਾਵੇ।**

**ਸਹੀ/-**
**ਮੇਅਰ**
**10-02-2023**

**ਮੱਦ ਨੰ: 6 /ਲੁਧਿਆਣਾ ਸਿਟੀ ਬਸ ਸਰਵਿਸਜ਼ ਲਿਮਟਿਡ**

**ਵਿਸ਼ਾ: 37 ਸਿਟੀ ਬੱਸਾਂ ਨੂੰ ਕੰਡਮ ਕਰਨ ਸਬੰਧੀ ਰਿਪੋਰਟ।**

**ਨੋਟ:** ਜੀ. ਐਮ., ਲੁਧਿਆਣਾ ਸਿਟੀ ਬਸ ਸਰਵਿਸਜ਼ ਲਿਮਟਿਡ ਮਿਤੀ 17.11.2022 ਜਿਸ ਦੀ ਪ੍ਰਵਾਨਗੀ ਹਿੱਤ ਪ੍ਰੋੜਤਾ ਸਕੱਤਰ ਨੇ ਮਿਤੀ 21.11.2022 ਅਤੇ ਵਧੀਕ ਕਮਿਸ਼ਨਰ (ਅ) ਜੀ ਨੇ ਮਿਤੀ 29.11.2022 ਨੂੰ ਕੀਤੀ ਹੈ ਜੋ ਕਿ ਉਕਤ ਵਿਸ਼ੇ ਸਬੰਧੀ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਕਿ ਮਾਣਯੋਗ ਮੁੱਖ ਸਕੱਤਰ, ਪੰਜਾਬ ਸਰਕਾਰ, ਜੀ ਦੀ ਮੀਟਿੰਗ ਮਿਤੀ 21.09.2006 (ਕਾਪੀ ਨੱਥੀ ਅਨੁਲੱਗ-ੳ) ਦੇ ਫੈਸਲੇ ਅਨੁਸਾਰ ਤਿੰਨਾਂ ਨਗਰ ਨਿਗਮਾਂ (ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ) ਵਿਚ ਸਿਟੀ ਬੱਸ ਸਰਵਿਸ ਚਲਾਉਣ ਦਾ ਫੈਸਲਾ ਕੀਤਾ ਗਿਆ। ਇਸ ਸਬੰਧੀ ਹਰ ਜਿਲ੍ਹੇ ਲਈ ਕਮੇਟੀ ਬਣਾਈ ਗਈ। ਜਿਸ ਵਿਚ ਲੁਧਿਆਣਾ ਵਿਖੇ ਮਾਣਯੋਗ ਡਿਪਟੀ ਕਮਿਸ਼ਨਰ, ਲੁਧਿਆਣਾ ਅਤੇ ਮਾਣਯੋਗ ਕਮਿਸ਼ਨਰ ਨਗਰ ਨਿਗਮ, ਲੁਧਿਆਣਾ ਦੋਨਾਂ ਵਿਚੋਂ ਜੋ ਵੀ ਸੀਨੀਅਰ ਹੋਣਗੇ, ਨੂੰ ਚੇਅਰਮੈਨ ਦਾ ਅਹੁਦਾ ਦੇਣ ਦਾ ਫੈਸਲਾ ਕੀਤਾ ਗਿਆ ਸੀ। ਇਸ ਉਪਰੰਤ ਕੰਪਨੀਜ਼ ਐਕਟ 1956 ਦੇ ਤਹਿਤ ਕੰਪਨੀ ਨੂੰ 2007 ਵਿਚ ਰਜਿਸਟਰਡ ਕਰਵਾਇਆ ਗਿਆ। ਇਸ ਕੰਪਨੀ ਦੇ ਉਸ ਸਮੇ ਬੋਰਡ ਆਫ ਡਾਇਰੈਕਟਰਜ਼ ਦੇ ਮੈਂਬਰ ਹੇਠ ਲਿਖੇ ਅਨੁਸਾਰ ਸਨ:-

1. ਸ਼੍ਰੀ ਏ.ਕੇ. ਸਿਨਹਾ, ਆਈ.ਏ.ਐਸ., ਕਮਿਸ਼ਨਰ, ਨਗਰ ਨਿਗਮ, ਲੁਧਿਆਣਾ।
2. ਸ਼੍ਰੀ ਰਾਹੁਲ ਤਿਵਾੜੀ, ਆਈ.ਏ.ਐਸ., ਡਿਪਟੀ ਕਮਿਸ਼ਨਰ, ਲੁਧਿਆਣਾ।
3. ਸ਼੍ਰੀ ਮਹਿੰਦਰਪਾਲ ਗੁਪਤਾ, ਪੀ.ਸੀ.ਐਸ., ਵਧੀਕ ਕਮਿਸ਼ਨਰ, ਨਗਰ ਨਿਗਮ, ਲੁਧਿਆਣਾ।
4. ਸ਼੍ਰੀ ਅਸ਼ਵਨੀ ਕੁਮਾਰ, ਪੀ.ਸੀ.ਐਸ., ਜਿਲ੍ਹਾ ਟਰਾਂਸਪੋਰਟ ਅਫਸਰ, ਲੁਧਿਆਣਾ।
5. ਡਾ. ਜਸਵੰਤ ਸਿੰਘ, ਪੀ.ਸੀ.ਐਸ., ਏ.ਸੀ.ਏ. (ਗਲਾਡਾ), ਲੁਧਿਆਣਾ।
6. ਸ਼੍ਰੀ ਆਰ.ਕੇ. ਬਖਸ਼ੀ, ਏ.ਡੀ.ਸੀ.ਪੀ., (ਹੈ:ਕੁ:), ਲੁਧਿਆਣਾ।
7. ਸ਼੍ਰੀ ਮਨਵੇਸ਼ ਸਿੰਘ ਸਿੱਧੂ, ਪੀ.ਸੀ.ਐੱਸ, ਐੱਮ.ਡੀ., ਪੀ.ਆਰ.ਟੀ.ਸੀ. ਪਟਿਆਲਾ।

ਇਸ ਤੋਂ ਬਾਅਦ ਭਾਰਤ ਸਰਕਾਰ ਦੁਆਰਾ ਸਾਰੇ ਦੇਸ਼ ਵਿੱਚ ਪਬਲਿਕ ਦੀ ਸਹੂਲਤ ਲਈ ਸ਼ਹਿਰੀ ਆਵਾਜਾਈ ਲਈ ਸ਼ਹਿਰੀ ਵਿਕਾਸ ਮੰਤਰਾਲੇ ਦੇ ਅਧੀਨ ਜਨੁਰਮ ਸਕੀਮ ਰਾਹੀਂ ਬੱਸ ਟਰਾਂਸਪੋਰਟ ਦਾ ਪਰਜੈਕਟ ਸ਼ੁਰੂ ਕੀਤਾ ਸੀ। ਇਸ ਸਕੀਮ ਤਹਿਤ 200 ਬੱਸਾਂ ਖ੍ਰੀਦਣ ਲਈ 65.20 ਕਰੋੜ ਰੁਪਏ ਮੰਨਜੂਰ ਕੀਤੇ ਗਏ ਸਨ। ਜਿਸ ਵਿੱਚ ਭਾਰਤ ਸਰਕਾਰ ਦਾ 50%, ਪੰਜਾਬ ਸਰਕਾਰ ਦਾ 20% ਅਤੇ ਸਥਾਨਕ ਸਰਕਾਰ ਦਾ 30% ਹਿੱਸਾ ਤਹਿ ਕੀਤਾ ਗਿਆ।

**ਜਨੂਰਮ ਸਕੀਮ ਅਧੀਨ ਪ੍ਰਾਪਤ ਕੀਤੇ ਗਏ ਫੰਡ ਹੇਠ ਲਿਖੇ ਅਨੁਸਾਰ ਹਨ (2010 ਤੋਂ 2014 ਤੱਕ)**

| ਲੜੀ ਨੰ: | ਮਿਤੀ | ਹਿੱਸੇਦਾਰ | ਰਕਮ (ਕਰੋੜਾਂ ਵਿੱਚ) |
|---|---|---|---|
| 1 | ਮਈ, 2010 | ਭਾਰਤ ਸਰਕਾਰ (2010 ਅਤੇ 2014) | 29.34 |
| 2 | ਮਈ, 2010 | ਪੰਜਾਬ ਸਰਕਾਰ (2010 ਅਤੇ 2014) | 13.04 |
| 3 | ਸਤੰਬਰ, 2013 | ਸਥਾਨਕ ਸਰਕਾਰ (ਨਗਰ ਨਿਗਮ, ਲੁਧਿਆਣਾ) (2013) | 7.50 |
| **ਕੁਲ** | | | **49.88** |

ਬੋਰਡ ਆਫ ਡਾਇਰੈਕਟਰਜ ਦੀ 46ਵੀ ਮੀਟਿੰਗ ਮਿਤੀ 10.02.2014 (ਕਾਪੀ ਨੱਥੀ ਅਨੁਲੱਗ-ਅ) ਵਿੱਚ ਆਈਟਮ ਨੰ: 46.15 ਰਾਹੀਂ ਮੈਸ: ਟਾਟਾ ਮੋਟਰਜ ਅਤੇ ਮੈਸ: ਅਸੋਕ ਲੇਲੈਂਡ ਨੂੰ ਬੱਸਾਂ ਦੀ ਸਪਲਾਈ ਲਈ ਕੀਤੇ ਗਏ ਆਰਡਰ ਵਿੱਚ 25% ਕਟੌਤੀ ਕਰਨ ਲਈ ਬੋਰਡ ਵੱਲੋਂ ਮੰਨਜੂਰੀ ਦਿੱਤੀ ਗਈ। ਜਿਸ ਕਾਰਨ ਲੁਧਿਆਣਾ ਸਿਟੀ ਬਸ ਸਰਵਿਸਜ਼ ਲਿਮਟਿਡ, ਨਗਰ ਨਿਗਮ, ਲੁਧਿਆਣਾ ਦੁਆਰਾ 120 ਬੱਸਾਂ ਹੀ ਖ੍ਰੀਦੀਆਂ ਗਈਆਂ। ਜਿਨ੍ਹਾ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ-:

| ਲੜੀ ਨੰ: | ਕੰਪਨੀ | ਬੱਸਾਂ ਦੀ ਕਿਸਮ | ਬੱਸਾਂ ਦੀ ਗਿਣਤੀ |
|---|---|---|---|
| 1 | ਟਾਟਾ ਮੋਟਰਜ ਲਿਮਟਿਡ | Low Floor-Non-AC | 40 |
| 2 | ਟਾਟਾ ਮੋਟਰਜ ਲਿਮਟਿਡ | Low Floor-AC | 05 |
| 3 | ਅਸੋਕ ਲੇਲੈਂਡ ਲਿਮਟਿਡ | Semi Low Floor Non-AC | 35 |
| 4 | ਸ਼ਵਰਾਜ ਮਾਜਦਾ | Mini Buses | 40 |
| **ਬੱਸਾਂ ਦੀ ਕੁੱਲ ਗਿਣਤੀ** | | | **120** |

**ਲੁਧਿਆਣਾ ਸਿਟੀ ਬਸ ਸਰਵਿਸਜ਼ ਲਿਮਟਿਡ ਦੇ ਮੌਜੂਦਾ ਬੋਰਡ ਆਫ ਡਾਇਰੈਕਟਰਜ ਹੇਠ ਲਿਖੇ ਹਨ-:**

| ਲੜੀ ਨੰ: | ਨਾਮ ਅਤੇ ਵਿਭਾਗ | ਲੁਧਿਆਣਾ ਸਿਟੀ ਬਸ ਸਰਵਿਸਜ਼ ਲਿਮਟਿਡ ਵਿੱਚ ਸਥਾਨ |
|---|---|---|
| 1 | ਸ਼੍ਰੀਮਤੀ ਸ਼ੇਨਾ ਅਗਰਵਾਲ, IAS, ਕਮਿਸ਼ਨਰ, ਨਗਰ ਨਿਗਮ, ਲੁਧਿਆਣਾ | ਚੇਅਰਮੈਨ |
| 2 | ਸ਼੍ਰੀਮਤੀ ਸੁਰਭੀ ਮਲਿਕ, IAS, ਡਿਪਟੀ ਕਮਿਸ਼ਨਰ, ਲੁਧਿਆਣਾ | ਚੀਫ ਐਗਜੀਕਿਉਟਿਵ ਡਾਇਰੈਕਟਰ |
| 3 | ਸ਼੍ਰੀ ਆਦਿਤਿਆ ਡੇਚਲਵਾਲ, IAS, ਵਧੀਕ ਕਮਿਸ਼ਨਰ, ਨਗਰ ਨਿਗਮ, ਲੁਧਿਆਣਾ | ਮੈਨੇਜਿੰਗ ਡਾਇਰੈਕਟਰ |
| 4 | ਸ਼੍ਰੀ ਅੰਕੁਰ ਮਹਿੰਦਰੂ, PCS ਸੰਯੁਕਤ ਕਮਿਸ਼ਨਰ, ਨਗਰ ਨਿਗਮ, ਲੁਧਿਆਣਾ | ਡਾਇਰੈਕਟਰ |
| 5 | ਸ਼੍ਰੀ ਨਰਿੰਦਰ ਸਿੰਘ ਧਾਲੀਵਾਲ, PCS ਸੈਕਟਰੀ ਰੀਜਨਲ ਟਰਾਂਸਪੋਰਟ ਅਥਾਰਿਟੀ, ਲੁਧਿਆਣਾ | ਡਾਇਰੈਕਟਰ |
| 6 | ਸ਼੍ਰੀ ਅਮਰਿੰਦਰ ਸਿੰਘ ਮੱਲ੍ਹੀ, PCS ਅਡੀਸ਼ਨਲ ਚੀਫ ਐਡਮਨਿਸਟਰੇਟਰ, ਗਲਾਡਾ | ਡਾਇਰੈਕਟਰ |
| 7 | ਸ਼੍ਰੀਮਤੀ ਹਰਕਮਲ ਕੌਰ | ਏ.ਡੀ.ਸੀ.ਪੀ., ਪੁਲਿਸ, (ਟਰੈਫਿਕ), ਲੁਧਿਆਣਾ। |

ਲੁਧਿਆਣਾ ਸਿਟੀ ਬਸ ਸਰਵਿਸਜ਼ ਲਿਮਟਿਡ, ਨਗਰ ਨਿਗਮ, ਲੁਧਿਆਣਾ ਵੱਲੋਂ ਮਿਤੀ 15.11.2011 ਤੋਂ ਮਿਤੀ 15.11.2013 ਤੱਕ 57 ਬੱਸਾਂ ਦਾ ਅਪਰੇਸ਼ਨ ਅਤੇ ਮੇਨਟੀਨੈਸ ਆਪਣੇ ਪੱਧਰ ਤੇ ਹੀ ਕੀਤਾ ਗਿਆ। ਇਸ ਤੋਂ ਬਾਅਦ ਬੋਰਡ ਆਫ ਡਾਇਰੈਕਟਰਜ ਦੀ 45ਵੀਂ ਮੀਟਿੰਗ ਮਿਤੀ 26.11.2013 (ਕਾਪੀ ਨੱਥੀ ਅਨੁਲੱਗ-ੲ) ਵਿੱਚ ਬੱਸਾਂ ਨੂੰ ਮੈਸ: ਪਰਸੰਨਾ ਪਰਪਲ ਮੋਬਲਿਟੀ ਸੋਲਿਊਸਨ ਪ੍ਰਾਈਵੇਟ ਲਿਮਟਿਡ ਪੂਨੇ ਕੰਪਨੀ ਨੂੰ PPP Mode ਅਨੁਸਾਰ GCC Model ਅਧੀਨ ਦੇਣ ਦੀ ਮੰਨਜੂਰੀ ਦਿੱਤੀ ਗਈ। ਜਿਸ ਅਨੁਸਾਰ ਕੰਪਨੀ ਵੱਲੋਂ 01.12.2013 ਤੋਂ ਲੈ ਕੇ ਮਿਤੀ 23.07.2014 ਤੱਕ ਹੀ 59 ਬੱਸਾਂ ਦਾ ਅਪਰੇਸ਼ਨ ਅਤੇ ਮੇਨਟੀਨੈਸ ਕੀਤਾ ਗਿਆ। ਇਸ ਤੋਂ ਬਾਅਦ ਬੱਸਾਂ ਨੂੰ ਚਲਾਉਣ ਲਈ ਕਈ ਵਾਰ ਟੈਂਡਰ ਲਗਾਏ ਗਏ ਪਰ ਕੋਈ ਵੀ Bidder ਨਹੀ ਪਹੁੰਚਿਆ। ਜਿਸ ਕਰਕੇ ਕੁੱਝ ਮਹੀਨੇ ਬੱਸਾਂ ਨਹੀ ਚੱਲ ਸਕੀਆਂ। 49ਵੀਂ ਬੋਰਡ ਆਫ ਡਾਇਰੈਕਟਰਜ ਦੀ ਮੀਟਿੰਗ ਮਿਤੀ 14.01.2015 (ਕਾਪੀ ਨੱਥੀ ਅਨੁਲੱਗ-ਸ) ਰਾਹੀਂ ਉਸ ਸਮੇ ਦੇ ਐਮ.ਡੀ. ਸ਼੍ਰੀ ਸਤਵੰਤ ਸਿੰਘ, PCS ਜੀ ਨੂੰ ਨਵੇਂ ਅਪਰੇਟਰ ਨਾਲ ਐਗਰੀਮੈਂਟ ਕਰਨ ਅਤੇ ਬੱਸ ਅਪਰੇਸ਼ਨ ਸ਼ੁਰੂ ਕਰਨ ਸਬੰਧੀ ਪ੍ਰਕਿਰਿਆ ਆਰੰਭਣ ਸਬੰਧੀ ਆਥੋਰਾਈਜ ਕੀਤਾ ਗਿਆ। ਇਸ ਤੋਂ ਬਾਅਦ ਮੈਸ: ਹੋਰੀਜਨ ਕਨੈਕਟ ਟਰਾਂਸਵੇਜ ਪ੍ਰਾਈਵੇਟ ਲਿਮਟਿਡ ਨਾਲ 23.01.2015 NCC Model ਅਨੁਸਾਰ 120 ਬੱਸਾਂ ਚਲਾਉਣ

ਵਾਸਤੇ 9 ਸਾਲਾਂ ਲਈ ਇਕਰਾਰਨਾਮਾ ਕੀਤਾ ਗਿਆ। ਜਿਸ ਮੁਤਾਬਿਕ ਮੈਸ: ਹੋਰੀਜਨ ਕਨੈਕਟ ਟਰਾਂਸਵੇਜ ਪ੍ਰਾਈਵੇਟ ਲਿਮਟਿਡ ਕੰਪਨੀ ਨੂੰ ਹੇਠ ਲਿਖੇ ਅਨੁਸਾਰ ਅਪਰੇਸ਼ਨ ਅਤੇ ਮੇਨਟੀਨੈਂਸ ਹਿੱਤ ਬੱਸਾਂ ਦਿੱਤੀਆਂ ਗਈਆਂ-:

| ਲੜੀ ਨੰ: | ਬੱਸਾਂ ਦੇਣ ਦਾ ਵੇਰਵਾ | ਮਿਤੀ | ਬੱਸਾਂ ਦੀ ਗਿਣਤੀ |
|---|---|---|---|
| 1 | ਬੱਸਾਂ ਦਾ ਪਹਿਲਾ Lot | 23.01.2015 | 30 |
| 2 | ਬੱਸਾਂ ਦਾ ਦੂਜਾ Lot | 17.05.2015 | 27 |
| 3 | ਬੱਸਾਂ ਦਾ ਤੀਜਾ Lot | 26.02.2016 | 26 |
| 4 | ਬੱਸਾਂ ਦਾ ਚੌਥਾ Lot | 15.06.2017 | 37 |
| **ਬੱਸਾਂ ਦੀ ਕੁੱਲ ਗਿਣਤੀ** | | | **120** |

ਇੱਥੇ ਇਹ ਦੱਸਣਯੋਗ ਹੈ ਕਿ ਚੌਥੇ Lot ਵਿੱਚ 37 ਬੱਸਾਂ ਪੱਤਰ ਨੰ: 4410CBS, ਮਿਤੀ 15.06.2017 ਰਾਹੀਂ ਮੈਸ: ਹੋਰੀਜਨ ਕਨੈਕਟ ਟਰਾਂਸਵੇਜ ਪ੍ਰਾਈਵੇਟ ਲਿਮਟਿਡ ਨੂੰ ਦਿੱਤੀਆਂ ਗਈਆਂ ਅਤੇ ਨਾਲ ਇਹ ਵੀ ਲਿਖਿਆ ਗਿਆ ਕਿ ਇਹਨਾਂ 37 ਬੱਸਾਂ ਦੀ ਰਿਪੇਅਰ ਉਪਰ ਜੋ ਖਰਚਾ ਆਵੇਗਾ, ਉਹ ਉਕਤ ਕੰਪਨੀ ਵੱਲੋਂ ਲੁਧਿਆਣਾ ਸਿਟੀ ਬਸ ਸਰਵਿਸਜ਼ ਲਿਮਟਿਡ ਨੂੰ ਅਦਾ ਕੀਤੇ ਜਾਣ ਵਾਲੇ Quoted Monthly Fee ਅਤੇ Advertisement Charges ਵਿੱਚੋਂ ਐਡਜਸਟ ਕਰ ਲਿਆ ਜਾਵੇਗਾ। ਪਰ ਸਬੰਧਤ ਕੰਪਨੀ ਵੱਲੋਂ ਆਪਣੇ ਪੱਤਰ ਨੰ: HCT/119/17, dated 19.07.2017 ਰਾਹੀਂ ਇਹਨਾਂ 37 ਬੱਸਾਂ ਨੂੰ ਲੈਣ ਤੋਂ ਇਨਕਾਰ ਕਰ ਦਿੱਤਾ ਗਿਆ।ਜਿਸ ਕਾਰਨ ਮੈਸ: ਹੋਰੀਜਨ ਕਨੈਕਟ ਟਰਾਂਸਵੇਜ ਕੰਪਨੀ ਵੱਲੋਂ 83 ਬੱਸਾਂ ਹੀ ਸਵੀਕਾਰ ਕੀਤੀਆਂ ਗਈਆਂ ਸਨ।

55ਵੀਂ ਬੋਰਡ ਆਫ ਡਾਇਰੈਕਟਰਜ ਦੀ ਮੀਟਿੰਗ ਮਿਤੀ 05.09.2016 (ਕਾਪੀ ਨੱਥੀ ਅਨੁਲੱਗ-ਹ) ਵਿੱਚ ਇਹਨਾਂ 37 ਬੱਸਾਂ ਨੂੰ ਰਿਪੇਅਰ ਕਰਾਉਣ ਲਈ ਇਹਨਾਂ ਦੇ ਆਥੋਰਾਈਜਡ ਡੀਲਰਾਂ ਪਾਸੋਂ ਏਸਟੀਮੇਟ ਲੈਣ ਦੀ ਪਰੋਪਜਲ ਰੱਖੀ ਗਈ।ਅਸ਼ੋਕ ਲੇਲੈਂਡ ਦੇ ਅਧਿਕਾਰਤ ਡੀਲਰ ਮੈਸ: ਗਰੋਵਰ ਮੋਟਰਜ ਲਿਮਟਿਡ ਨੇ 28,96,442/- ਅਤੇ ਟਾਟਾ ਮੋਟਰਜ ਲਿਮਟਿਡ ਦੇ ਅਧਿਕਾਰਤ ਡੀਲਰ ਮੈਸ: ਦਾਦਾ ਮੋਟਰਜ ਨੇਂ 58,48,400/- ਰੁਪਏ ਦਾ ਏਸਟੀਮੇਟ ਦਿੱਤਾ। ਇਸ ਤੋਂ ਬਾਅਦ ਜੂਨ, 2018 ਵਿੱਚ ਦੁਬਾਰਾ ਫੇਰ ਮੈਸ: ਅਸੋਕ ਲੇਲੈਂਡ ਲਿਮਟਿਡ ਅਤੇ ਮੈਸ: ਟਾਟਾ ਮੋਟਰਜ ਲਿਮਟਿਡ ਦੇ ਅਧਿਕਾਰਤ ਡੀਲਰਾਂ ਪਾਸੋਂ ਏਸਟੀਮੇਟ ਦੀ ਮੰਗ ਕੀਤੀ ਗਈ। ਸਬੰਧਤ ਡੀਲਰਾਂ ਵੱਲੋਂ ਕਿਹਾ ਗਿਆ ਕਿ ਉਹ ਆਪਣੇ ਏਸਟੀਮੇਟ ਪਹਿਲਾਂ ਹੀ ਦੇ ਚੁੱਕੇ ਹਨ ਪਰ ਹੁਣ ਵਾਲੇ ਏਸਟੀਮੇਟ ਵਿੱਚ ਪਹਿਲਾਂ ਨਾਲੋਂ ਰੇਟ ਵਧ ਚੁੱਕੇ ਹਨ। ਇਸ ਤੋਂ ਇਲਾਵਾ ਬੱਸਾਂ ਦੇ ਵੱਖ-ਵੱਖ ਯੂਨਿਟਸ ਨੂੰ ਚੈਕ ਕਰਨ, ਖੋਲ ਕੇ ਦੇਖਣ ਬਾਅਦ ਅਤੇ ਸਾਰਾ ਕੰਮ ਕੰਪਲੀਟ ਹੋ ਜਾਣ ਬਾਅਦ ਹੀ ਸਹੀ ਏਸਟੀਮੇਟ ਦਿੱਤਾ ਜਾ ਸਕਦਾ ਹੈ।

ਸ੍ਰੀ ਪਰਦੀਪ ਕੁਮਾਰ ਸੱਭਰਵਾਲ, ਮਾਣਯੋਗ ਕਮਿਸ਼ਨਰ-ਕਮ-ਚੇਅਰਮੈਨ, ਲੁਧਿਆਣਾ ਸਿਟੀ ਬਸ ਸਰਵਿਸਜ਼ ਲਿਮਟਿਡ, ਨਗਰ ਨਿਗਮ, ਲੁਧਿਆਣਾ ਦੁਆਰਾ ਆਪਣੇ ਹੁਕਮ ਮਿਤੀ 08.12.2020 ਰਾਹੀ ਤਾਜਪੁਰ ਡੀਪੂ, ਨੇੜੇ ਸੈਂਟਰਲ ਜੇਲ, ਲੁਧਿਆਣਾ ਵਿਖੇ ਖੜੀਆਂ 32 ਬੱਸਾਂ ਅਤੇ ਹੰਬੜਾਂ ਰੋਡ ਵਰਕਸ਼ਾਪ ਵਿਖੇ ਖੜੀਆਂ 05 ਬੱਸਾਂ ਦੀ ਮੌਜੂਦਾ ਸਥਿਤੀ ਜਾਣਨ ਵਾਸਤੇ ਕਮੇਟੀ ਦਾ ਗਠਨ ਕੀਤਾ ਗਿਆ।ਇਸ ਕਮੇਟੀ ਵਿੱਚ ਹੇਠ ਲਿਖੇ ਮੈਂਬਰ ਸ਼ਾਮਲ ਹਨ:

1. ਮੋਟਰ ਵਹੀਕਲ ਇੰਨਸਪੈਕਟਰ, ਰੀਜਨਲ ਟਰਾਂਸਪੋਰਟ ਅਥਾਰਿਟੀ, ਲੁਧਿਆਣਾ।
2. ਵਰਕਸ ਮੈਨੇਜਰ, ਪੰਜਾਬ ਰੋਡਵੇਜ, ਲੁਧਿਆਣਾ।
3. ਐਕਸੀਅਨ (ਵਰਕਸ਼ਾਪ), ਓ ਐਂਡ ਐਮ ਸੈਲ, ਨਗਰ ਨਿਗਮ, ਲੁਧਿਆਣਾ।

ਸਿਟੀ ਬਸ ਸਰਵਿਸ ਦੀ ਵਰਕਸ਼ਾਪ, ਤਾਜਪੁਰ ਰੋਡ, ਨੇੜੇ ਸੈਂਟਰਲ ਜੇਲ, ਲੁਧਿਆਣਾ ਵਿਖੇ ਮਿਤੀ 14.12.2020 ਨੂੰ ਮੀਟਿੰਗ ਹੋਈ ਜਿਸ ਵਿੱਚ ਕਮੇਟੀ ਮੈਂਬਰਾਂ ਵੱਲੋਂ ਇਹਨਾਂ ਬੱਸਾਂ ਦੀ ਫਿਜੀਕਲ ਅਤੇ ਮਕੈਨੀਕਲ ਸਥਿਤੀ ਸਬੰਧੀ ਚੈਕਿੰਗ ਕਰਨ ਬਾਰੇ ਵਿਚਾਰ ਵਿਟਾਂਦਰਾ ਕੀਤਾ ਗਿਆ। ਬੱਸਾਂ ਨੂੰ ਫਿਜੀਕਲ ਤੌਰ ਤੇ ਚੈਕ ਕਰਨ ਤੇ ਇਹ ਦੇਖਣ ਵਿੱਚ ਆਇਆ ਹੈ ਕਿ ਇਹ ਬੱਸਾਂ ਕਾਫੀ ਲੰਮੇ ਸਮੇ ਤੋਂ ਵਰਕਸ਼ਾਪ ਵਿੱਚ ਖੜੀਆਂ ਹੋਣ ਕਰਕੇ ਇਹਨਾਂ ਬੱਸਾਂ ਦੀ ਬਾਡੀ, ਇਲੈਕਟ੍ਰੀਕਲ ਅਤੇ ਮਕੈਨੀਕਲ ਪੁਰਜਿਆਂ ਦੀ ਹਾਲਤ ਕਾਫੀ ਖਰਾਬ ਹੈ।

ਇਸ ਲਈ ਕਮੇਟੀ ਵੱਲੋਂ ਮਿਤੀ 01.01.2021 ਨੂੰ ਆਪਣੀ ਰਿਪੋਰਟ (ਕਾਪੀ ਨੱਥੀ ਅਨੁਲੱਗ-ਕ) ਵਿੱਚ ਇਹ ਸੁਝਾਅ ਹੈ ਕਿ ਜੇਕਰ ਇਹਨਾਂ ਬੱਸਾਂ ਨੂੰ ਰਿਪੇਅਰ ਕਰਨ ਉਪਰੰਤ ਵੱਖ ਵੱਖ ਰੂਟਾਂ ਤੇ ਚਲਾਉਣਾ ਹੈ ਤਾਂ ਇਹਨਾਂ ਨੂੰ ਜਿਸ ਮੇਕ ਦੀਆਂ ਬੱਸਾਂ ਬਣੀਆਂ ਹਨ ਉਹਨਾਂ ਤੋਂ ਹੀ ਰਿਪੇਅਰ ਕਰਵਾ ਲਿਆ ਜਾਵੇ ਕਿਉਂਕਿ ਇਹਨਾਂ ਅਥੋਰਾਈਜਡ ਫਰਮਾਂ ਭਾਵ (ਅਸ਼ੋਕ ਲੇਲੈਂਡ ਅਤੇ ਟਾਟਾ ਮੋਟਰਜ) ਪਾਸ ਅਧੁਨਿਕ ਟੂਲ ਮਸ਼ੀਨਰੀ ਅਤੇ ਟਰੇਂਡ ਵਰਕਰ ਵੀ ਉਪਲੱਬਧ ਹਨ। ਨਾਲ ਹੀ ਜੋ ਲੋੜੀਂਦਾ ਸਮਾਨ ਵਰਤਿਆ ਜਾਣਾ ਹੈ ਉਹ ਵੀ ਫਰਮਾਂ ਕੋਲ ਉਪਲੱਬਧ ਹੈ।

ਇਸ ਤੋਂ ਬਾਅਦ ਲੁਧਿਆਣਾ ਸਿਟੀ ਬਸ ਸਰਵਿਸਜ਼ ਲਿਮਟਿਡ ਦੇ "ਬੋਰਡ ਆਫ ਡਾਇਰੈਕਟਰਜ" ਦੀ 77ਵੀਂ ਮੀਟਿੰਗ ਮਿਤੀ 05.07.2022 (ਕਾਪੀ ਨੱਥੀ ਅਨੁਲੱਗ-ਖ) ਰਾਹੀਂ ਤਾਜਪੁਰ ਡੀਪੂ, ਨੇੜੇ ਸੈਂਟਰਲ ਜੇਲ, ਲੁਧਿਆਣਾ ਵਿਖੇ ਖੜੀਆਂ 32 ਬੱਸਾਂ ਅਤੇ ਹੰਬੜਾਂ ਰੋਡ ਵਰਕਸ਼ਾਪ ਵਿਖੇ ਖੜੀਆਂ 05 ਬੱਸਾਂ ਦੀ ਮੌਜੂਦਾ ਸਥਿਤੀ ਜਾਣਨ ਵਾਸਤੇ ਸ੍ਰੀ ਨਰਿੰਦਰ ਸਿੰਘ ਧਾਲੀਵਾਲ PCS, ਸੈਕਟਰੀ, ਰੀਜਨਲਲ ਟਰਾਂਸਪੋਰਟ ਅਥਾਰਿਟੀ, ਲੁਧਿਆਣਾ ਦੀ ਪ੍ਰਧਾਨਗੀ ਹੇਠ ਕਮੇਟੀ ਦਾ ਗਠਨ ਕੀਤਾ ਗਿਆ। ਬੱਸਾਂ ਦੀ ਮੌਜੂਦਾ ਹਾਲਤ ਜਾਣਨ ਲਈ ਮਿਤੀ 29.07.2022 ਨੂੰ ਤਾਜਪੁਰ ਡੀਪੂ, ਨੇੜੇ ਸੈਂਟਰਲ ਜੇਲ੍ਹ, ਲੁਧਿਆਣਾ ਵਿਖੇ ਮੀਟਿੰਗ ਰੱਖੀ ਗਈ।ਜਿਸ ਵਿੱਚ ਹੇਠ ਲਿਖੇ ਮੈਂਬਰ ਸ਼ਾਮਲ ਹੋਏ:

1. ਸ੍ਰੀ ਨਰੇਸ਼ ਕਲੇਰ ਮੋਟਰ ਵਹੀਕਲ ਇੰਸਪੈਕਟਰ, ਲੁਧਿਆਣਾ
2. ਸ੍ਰੀ ਰਜਿੰਦਰ ਸਿੰਘ (SE) O&M-cum-Director
3. ਸ੍ਰੀ ਰਣਬੀਰ ਸਿੰਘ, ਐਕਸੀਅਨ, O&M (ਵਰਕਸ਼ਾਪ) ਦੀ ਬਦਲੀ ਹੋਣ ਕਾਰਨ ਸ੍ਰੀ ਬਲਵਿੰਦਰ ਸਿੰਘ ਐਕਸੀਅਨ, O&M ਸ਼ਾਮਲ ਹੋਏ
4. ਵਰਕਸ ਮੈਨੇਜਰ, ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਪਟਿਆਲਾ।
5. ਵਰਕਸ ਮੈਨੇਜਰ, ਪੰਜਾਬ ਰੋਡਵੇਜ ਲੁਧਿਆਣਾ।
6. ਸ੍ਰੀ ਪੰਕਜ ਗਰਗ DCFA, ਨਗਰ ਨਿਗਮ, ਲੁਧਿਆਣਾ
7. ਸ੍ਰੀ ਹਰਬੰਸ ਸਿੰਘ ਖਹਿਰਾ, ਜਨਰਲ ਮੈਨੇਜਰ, ਲੁਧਿਆਣਾ ਸਿਟੀ ਬਸ ਸਰਵਿਸਜ਼ ਲਿਮਟਿਡ

ਨਿਰੀਖਣ ਕਮੇਟੀ ਵੱਲੋਂ ਬੱਸਾਂ ਨੂੰ ਫਿਜੀਕਲੀ ਚੈਕ ਕਰਨ ਬਾਅਦ ਹਰ ਤਕਨੀਕੀ ਯੂਨਿਟ ਬਾਰੇ ਵਿਚਾਰ ਵਿਟਾਂਦਰਾ ਕਰਨ ਦੇ ਨਾਲ ਨਾਲ ਇਹ ਵੀ ਵਿਚਾਰ ਕੀਤਾ ਗਿਆ ਕਿ ਇਹਨਾਂ 37 ਬੱਸਾਂ ਵਿੱਚ 10 ਬੱਸਾਂ 2011 ਮਾਡਲ, 17 ਬੱਸਾਂ 2012 ਮਾਡਲ ਅਤੇ 10 ਬੱਸਾਂ 2013 ਮਾਡਲ ਹਨ। ਇਹ ਬੱਸਾਂ BS-III ਹਨ ਜਦੋਂ ਕਿ 2022 ਵਿੱਚ BS-VI ਬੱਸਾਂ ਆ ਰਹੀਆਂ ਹਨ। ਇਸ ਲਈ ਇਹ ਪੁਰਾਣੀਆਂ ਬੱਸਾਂ ਅੱਜ ਦੇ ਪਲਿਊਸ਼ਨ ਨੋਰਮਜ ਨਾਲ ਮੇਲ ਨਹੀ ਖਾਂਦੀਆਂ।ਇਹ ਬੱਸਾਂ ਵੱਡੀਆਂ ਹੋਣ ਕਾਰਨ ਡੀਜਲ ਦੀ ਖਪਤ ਵੀ ਬਹੁਤ ਕਰਦੀਆਂ ਹਨ, ਜਿਸ ਕਰਕੇ ਪਲਿਊਸਨ ਵਿੱਚ ਵਾਧਾ ਹੁੰਦਾ ਹੈ। ਇਹ ਬੱਸਾਂ ਪੁਰਾਣੀਆਂ ਅਤੇ ਆਮ ਬੱਸਾਂ ਨਾਲੋਂ ਅਲੱਗ ਦੀਆਂ ਹੋਣ ਕਾਰਨ ਇਹਨਾਂ ਦੇ ਸਪੇਅਰ ਪਾਰਟਸ ਵੀ ਲੋਕਲ ਮਾਰਕੀਟ ਵਿੱਚੋਂ ਮਿਲਣੇ ਮੁਸ਼ਕਲ ਹਨ।ਇਹਨਾਂ ਬੱਸਾਂ ਨਾਲ ਦੀਆਂ ਅਤੇ ਇਹੀ ਮਾਡਲ ਦੀਆਂ ਬਠਿੰਡਾ ਨਗਰ ਨਿਗਮ ਦੀਆਂ 10 ਬੱਸਾਂ, ਜੋ ਕਿ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਬਠਿੰਡਾ ਡੀਪੂ ਵੱਲੋਂ ਚਲਾਈਆਂ ਜਾਂਦੀਆਂ ਸਨ, ਉਹ ਕੁਝ ਮਹੀਨਾ ਪਹਿਲਾਂ PRTC ਦੀ ਕੰਡਮਨੇਸ਼ਨ ਦੀ ਪਾਲਿਸੀ ਪੰਜ ਸਾਲ ਜਾਂ 5,25,000 ਕਿਲੋਮੀਟਰ ਮੁਤਾਬਿਕ, ਪੰਜ ਸਾਲ ਤੋਂ ਵੱਧ ਉਮਰ ਹੋ ਜਾਣ ਕਾਰਨ ਕੰਡਮ ਕੀਤੀਆਂ ਜਾ ਚੁੱਕੀਆਂ ਹਨ।

ਕਮੇਟੀ ਵੱਲੋਂ ਇਹ ਵੀ ਦੱਸਿਆ ਗਿਆ ਕਿ ਇਹਨਾਂ ਬੱਸਾਂ ਨੂੰ ਤਿਆਰ ਕਰਨ ਲਈ 2018 ਵਿੱਚ ਮੈਸ: ਟਾਟਾ ਮੋਟਰਜ ਲਿਮਟਿਡ ਅਤੇ ਮੈਸ: ਅਸ਼ੋਕ ਲੇਲੈਂਡ ਕੰਪਨੀ ਜੋ ਕਿ ਇਹਨਾਂ ਬੱਸਾਂ ਦੇ ਮੈਨੂਫੈਕਚਰਰ ਹਨ, ਦੇ ਆਥੋਰਾਈਜਡ ਡੀਲਰਜ ਪਾਸੋਂ ਇਸਟੀਮੇਟ ਲਿਆ ਗਿਆ ਸੀ, ਜਿਸ ਵਿੱਚ ਹਰ ਬੱਸ ਦਾ ਅਲੱਗ ਅਲੱਗ 2,50,000 ਤੋਂ 3,50,000 ਦਾ ਖਰਚਾ ਦਿੱਤਾ ਗਿਆ ਸੀ। ਜਿਸ ਵਿੱਚ ਬਾਡੀ ਰਿਪੇਅਰ ਦਾ ਖਰਚਾ ਸ਼ਾਮਲ ਨਹੀ ਕੀਤਾ ਗਿਆ ਸੀ ਅਤੇ ਇਸ ਤੋਂ ਇਲਾਵਾ ਕਈ ਚੀਜਾਂ ਉਸ ਏਸਟੀਮੇਟ ਵਿੱਚ ਸ਼ਾਮਲ ਨਹੀਂ ਕੀਤੀਆਂ ਗਈਆਂ ਸਨ। ਇਸ ਤੋਂ ਇਲਾਵਾ 2018 ਦੇ ਮੁਕਾਬਲੇ ਸਪੇਅਰ ਪਾਰਟਸ ਅਤੇ ਲੇਬਰ ਵਿੱਚ ਵਾਧਾ ਹੋਣ ਕਾਰਨ ਇਸ ਏਸਟੀਮੇਟ ਤੋਂ ਖਰਚੇ ਵਿੱਚ ਕਾਫੀ ਜਿਆਦਾ ਵਾਧਾ ਹੋਵੇਗਾ। ਇਹ ਬੱਸਾਂ 2014 ਤੋਂ ਖੜੀਆਂ ਹੋਣ ਕਾਰਨ ਇਹਨਾਂ ਦੀ ਪਾਸਿੰਗ ਵੀ ਨਹੀ ਹੋਈ ਜਿਸ ਕਾਰਨ ਪਾਸਿੰਗ ਦਾ ਖਰਚਾ ਪੈਨਲਿਟੀ ਆਦਿ ਪਾ ਕੇ ਕਾਫੀ ਜਿਆਦਾ ਹੋਵੇਗਾ। ਪਾਸਿੰਗ ਕਰਨ ਵਾਸਤੇ ਸਭ ਤੋਂ ਪਹਿਲਾਂ ਇੰਸ਼ੋਰੈਂਸ ਵੀ ਹੋਣੀ ਜਰੂਰੀ ਹੈ, ਜੋ ਕਿ ਵੱਡੀਆਂ ਬੱਸਾਂ ਦੀ ਕਾਫੀ ਮਹਿੰਗੀ ਹੈ।

ਉਪਰੋਕਤ ਮੁਤਾਬਿਕ ਕਮੇਟੀ ਵੱਲੋਂ ਇਹ ਦੇਖਿਆ ਗਿਆ ਕਿ ਜੇਕਰ ਇਹਨਾਂ ਬੱਸਾਂ ਨੂੰ ਤਿਆਰ ਕਰਵਾ ਕੇ ਰੋਡ ਵਰਦੀ ਕੀਤਾ ਜਾਂਦਾ ਹੈ ਤਾਂ ਇਸ ਉਤੇ ਪ੍ਰਤੀ ਬੱਸ ਲੱਗਭੱਗ 8 ਤੋਂ 10 ਲੱਖ ਰੁਪਏ ਖਰਚਾ ਆ ਸਕਦਾ ਹੈ। ਜੇਕਰ ਇਹਨਾਂ ਬੱਸਾਂ ਨੂੰ ਤਿਆਰ ਵੀ ਕੀਤਾ ਜਾਂਦਾ ਹੈ ਤਾਂ ਇਹਨਾਂ ਦੀ ਉਮਰ ਕਾਫੀ ਹੋਣ ਕਾਰਨ ਜਿਆਦਾ ਲੰਮਾ ਸਮਾਂ ਵਰਤੋਂ ਵਿੱਚ ਨਹੀਂ ਲਿਆਂਦੀਆਂ ਜਾ ਸਕਣਗੀਆਂ ਕਿਉਂਕਿ ਅੱਜ ਦੇ ਸਮੇ ਪਲਿਊਸ਼ਨ ਵਿੱਚ ਵਾਧੇ ਨੂੰ ਰੋਕਣ ਲਈ ਇਲੈਕਟਰਿਕ ਬੱਸਾਂ ਆ ਰਹੀਆਂ ਹਨ।ਇਹਨਾਂ ਬੱਸਾਂ ਦੇ ਰਿਪੇਅਰ ਦੇ ਖਰਚੇ ਦੇ ਮੁਕਾਬਲੇ ਇਹਨਾਂ ਬੱਸਾਂ ਦੀ ਡੈਪਰੀਸ਼ੇਸ਼ਨ ਮੁਤਾਬਿਕ ਕੀਮਤ ਨਾਲੋਂ ਰਿਪੇਅਰ ਦਾ ਖਰਚਾ ਜਿਆਦਾ ਹੋਵੇਗਾ।ਇਸ ਲਈ ਨਿਰੀਖਣ ਕਮੇਟੀ ਇਸ ਸਿੱਟੇ ਤੇ ਪੁੱਜੀ ਹੈ ਕਿ ਇਹਨਾਂ ਬੱਸਾਂ ਨੂੰ ਰਿਪੇਅਰ ਕਰਵਾ ਕੇ ਚਲਾਉਣਾ ਲਾਭਦਾਇਕ ਨਹੀ ਹੋਵੇਗਾ।ਅਖੀਰ ਵਿੱਚ ਨਿਰੀਖਣ ਕਮੇਟੀ ਵੱਲੋਂ ਇਹ ਸ਼ਿਫਾਰਿਸ਼ ਕੀਤੀ ਗਈ ਹੈ ਕਿ ਇਹਨਾਂ ਬੱਸਾਂ ਨੂੰ ਕੰਡਮ ਕਰਨਾ ਹੀ ਯੋਗ ਹੋਵੇਗਾ।(ਕਮੇਟੀ ਦੀ ਰਿਪੋਰਟ ਅਨੁਲੱਗ-ਗ ਨਾਲ ਨੱਥੀ ਹੈ)

ਇਸ ਕਮੇਟੀ ਦੀ ਰਿਪੋਰਟ ਨੂੰ ਲੁਧਿਆਣਾ ਸਿਟੀ ਬਸ ਸਰਵਿਸਜ਼ ਲਿਮਟਿਡ ਦੇ "ਬੋਰਡ ਆਫ ਡਾਇਰੈਕਟਰਜ" ਦੀ 79ਵੀਂ ਮੀਟਿੰਗ ਮਿਤੀ 10.10.2022 (ਅਨੁਲੱਗ-ਘ) ਵਿੱਚ ਏਜੰਡੇ ਦੇ ਰੂਪ ਵਿੱਚ ਸ਼ਾਮਲ ਕੀਤਾ ਗਿਆ। ਇਸ ਮੀਟਿੰਗ ਵਿੱਚ ਸੈਕਟਰੀ, RTA, ਲੁਧਿਆਣਾ ਵੱਲੋਂ ਦੱਸਿਆ ਗਿਆ ਕਿ 37 ਬੱਸਾਂ ਦੀ ਹਾਲਤ ਬਹੁਤ ਖਰਾਬ ਹੈ। ਬੱਸਾਂ ਦੀ ਮੌਜੂਦਾ ਕੀਮਤ ਦੇ ਮੁਕਾਬਲੇ ਇਸਦੇ ਰਿਪੇਅਰ ਉਪਰ ਜਿਆਦਾ ਖਰਚ ਆਵੇਗਾ।ਇਸ ਲਈ ਕਮੇਟੀ ਵੱਲੋਂ ਇਹਨਾਂ ਬੱਸਾਂ ਨੂੰ ਕੰਡਮ ਕਰਨ ਦਾ ਸੁਝਾਅ ਦਿਆ ਗਿਆ ਹੈ।ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੀ ਕੰਡਮਨੇਸ਼ਨ ਪਾਲਿਸੀ ਅਨੁਸਾਰ 5.25 ਲੱਖ ਕਿਲੋਮੀਟਰ ਜਾਂ 5 ਲੱਖ ਕਿਲੋਮੀਟਰ ਚੱਲਣ ਤੋਂ ਬਾਅਦ ਬੱਸਾਂ ਨੂੰ ਕੰਡਮ ਘੋਸਿਤ ਕੀਤਾ ਜਾ ਸਕਦਾ ਹੈ। "ਬੋਰਡ ਆਫ ਡਾਇਰੈਕਟਰਜ" ਵੱਲੋਂ ਇਹਨਾਂ ਕੰਡਮ ਬੱਸਾਂ ਨੂੰ ਨੀਲਾਮ ਕਰਨ ਵਾਸਤੇ ਮੁਢਲੀ ਕੀਮਤ ਨਿਰਧਾਰਤ ਕਰਨ ਸਬੰਧੀ ਮਾਣਯੋਗ ਸ਼੍ਰੀ ਅੰਕੁਰ ਮਹਿੰਦਰੂ, PCS, ਸੰਯੁਕਤ ਕਮਿਸ਼ਨਰ, ਨਗਰ ਨਿਗਮ, ਲੁਧਿਆਣਾ ਜੀ ਦੀ ਪ੍ਰਧਾਨਗੀ ਹੇਠ ਕਮੇਟੀ ਦਾ ਗਠਨ ਕੀਤਾ ਗਿਆ ਹੈ।ਜਿਸ ਵਿੱਚ ਹੇਠ ਲਿਖੇ ਅਫਸਰ ਮੈਂਬਰ ਹਨ-:

1. ਜਨਰਲ ਮੈਨੇਜਰ, ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ
2. ਵਰਕਸ ਮੈਨੇਜਰ, ਪੰਜਾਬ ਰੋਡਵੇਜ
3. ਮੋਟਰ ਵਹੀਕਲ ਇੰਨਸਪੈਕਟਰ
4. ਐਕਸੀਅਨ, (ਵਰਕਸਸ਼ਾਪ), ਨਗਰ ਨਿਗਮ, ਲੁਧਿਆਣਾ
5. ਡੀ.ਸੀ.ਐਫ.ਏ., ਨਗਰ ਨਿਗਮ, ਲੁਧਿਆਣਾ
6. ਜਨਰਲ ਮੈਨੇਜਰ, ਲੁਧਿਆਣਾ ਸਿਟੀ ਬਸ ਸਰਵਿਸਜ਼ ਲਿਮਟਿਡ
7. ਅਕਾਊਟੈਂਟ, ਲੁਧਿਆਣਾ ਸਿਟੀ ਬਸ ਸਰਵਿਸਜ ਲਿਮਟਿਡ

ਇਸ ਤੋਂ ਇਲਾਵਾ "ਬੋਰਡ ਆਫ ਡਾਇਰੈਕਟਰਜ" ਨੇ 37 ਬੱਸਾਂ ਦੀ ਨਿਲਾਮੀ ਕਰਨ ਦੀ ਪ੍ਰਵਾਨਗੀ ਲੈਣ ਲਈ PMIDC ਨੂੰ ਪੱਤਰ ਲਿਖਣ ਦੇ ਨਿਰਦੇਸ਼ ਦਿੱਤੇ ਗਏ।ਜਿਸ ਨੂੰ ਮੁੱਖ ਰੱਖਦੇ ਹੋਏ ਮਾਣਯੋਗ ਵਧੀਕ ਕਮਿਸ਼ਨਰ-ਕਮ-ਐਮ. ਡੀ., ਲੁਧਿਆਣਾ ਸਿਟੀ ਬਸ ਸਰਵਿਸਜ਼ ਲਿਮਟਿਡ, ਨਗਰ ਨਿਗਮ, ਲੁਧਿਆਣਾ ਜੀ ਵੱਲੋਂ ਆਪਣੇ ਪੱਤਰ ਨੰ: 402/ACA/D, ਮਿਤੀ 07.11.2022 (ਅਨੁਲੱਗ-ਙ) ਰਾਹੀਂ ਚੀਫ ਐਗਜੀਕੇਟਿਵ ਅਫਸਰ, PMIDC, ਚੰਡੀਗੜ੍ਹ ਜੀ ਨੂੰ ਪੱਤਰ ਲਿਖਿਆ ਗਿਆ ਹੈ।

ਕਮਿਸ਼ਨਰ ਜੀ ਨੇ ਮਿਤੀ 29.11.2022 ਨੂੰ ਕੇਸ ਦੀ ਪ੍ਰਸ਼ਾਸਕੀ ਪ੍ਰਵਾਨਗੀ ਇਸ ਤਰ੍ਹਾਂ ਦਿੱਤੀ ਹੈ ਕਿ **"To be approval in Gen House".** ਮੇਅਰ ਜੀ ਨੇ ਮਿਤੀ 30.11.2022 ਨੂੰ ਕੇਸ ਨੂੰ ਹਾਊਸ ਵਿੱਚ ਪੇਸ਼ ਕਰਨ ਦੀ ਆਗਿਆ ਦਿੱਤੀ ਹੈ। ਕੇਸ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।

**ਮਤਾ ਨੰ: 416**

**ਰੱਦ ਹੈ।**

**ਸਹੀ/-**

**ਮੇਅਰ**

**10-02-2023**

**ਮੱਦ ਨੰ: 7 /ਪ੍ਰਾਪਰਟੀ ਟੈਕਸ/**

**ਵਿਸ਼ਾ:- ਆਮ ਲੋਕਾਂ ਦੀ ਸੁਵਿਧਾ ਲਈ ਨਗਰ ਨਿਗਮ ਲੁਧਿਆਣਾ ਦੀ ਹਦੂਦ ਅੰਦਰ ਪੈਦੀਆਂ ਸਾਰੀਆਂ ਪ੍ਰਾਪਰਟੀਆਂ ਨੂੰ 'ਪ੍ਰਾਪਰਟੀ ਆਈ.ਡੀ. ਕਾਰਡ' ਜਾਰੀ ਕਰਨ ਸਬੰਧੀ।**

ਨੋਟ ਜੂਨੀਅਰ ਸਹਾਇਕ ਮਿਤੀ ਨਿਲ ਜਿਸ ਦੀ ਪ੍ਰਵਾਨਗੀ ਹਿੱਤ ਪ੍ਰੋੜਤਾ ਸੁਪਰਡੈਂਟ ਪ੍ਰਾਪਰਟੀ ਟੈਕਸ(ਹੈ.ਕੁ) ਨੇ ਮਿਤੀ 01-02-2023 ਨੂੰ ਕੀਤੀ ਹੈ, ਜੋ ਕਿ ਉੱਕਤ ਵਿਸ਼ੇ ਸਬੰਧੀ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਕਿ ਨਗਰ ਨਿਗਮ ਲੁਧਿਆਣਾ ਵਲੋ ਆਮ ਲੋਕਾਂ ਦੀ ਸੁਵਿਧਾ ਸਾਰੇ ਕੰਮ ਵਿਚ ਪਾਰਦਰਸ਼ਤਾ ਲਿਆਉਣ ਅਤੇ ਦਿੱਤੀਆ ਜਾ ਰਹੀਆਂ ਸੇਵਾਵਾਂ ਨੂੰ ਏਕੀਕ੍ਰਿਤ ਕਰਨ ਲਈ GIS ਪ੍ਰਣਾਲੀ ਰਾਹੀ ਯੂ.ਆਈ.ਡੀ. ਨੰਬਰ ਜਾਰੀ ਕਰਨ ਦਾ ਕੰਮ ਕੀਤਾ ਜਾ ਰਿਹਾ ਹੈ।ਇਸ ਸਬੰਧੀ ਨਗਰ ਨਿਗਮ ਲੁਧਿਆਣਾ ਵਲੋ ਪਹਿਲਾਂ ਹੀ ਕੁੱਲ 37 ਬਲਾਕਾਂ ਵਿਚੋ 36 ਬਲਾਕਾਂ ਦੀਆਂ ਸਾਰੀਆਂ ਸੁਵਿਧਾਵਾਂ ਲੈਣ ਲਈ ਯੂ.ਆਈ.ਡੀ. ਨੰਬਰ ਲਗਾਉਣਾ ਲਾਜ਼ਮੀ ਕੀਤਾ ਗਿਆ ਹੈ।ਇਹ ਵੀ ਧਿਆਨ ਵਿਚ ਆਇਆ ਹੈ ਕਿ ਬਹੁਤ ਸਾਰੀਆਂ ਪ੍ਰਾਪਰਟੀਆਂ ਵਲੋ ਪ੍ਰਾਪਰਟੀ ਟੈਕਸ, ਪਾਣੀ/ਸੀਵਰੇਜ਼ ਜਮਾਂ ਨਹੀ ਕਰਵਾਇਆ ਜਾ ਰਿਹਾ ਅਤੇ ਕਈ ਪ੍ਰਾਪਰਟੀਆਂ ਦੇ ਮਾਲਕ/ਕਾਬਜ਼ਕਾਰਾਂ ਨੂੰ ਅਪਣੀ ਪ੍ਰਾਪਰਟੀ ਦਾ ਯੂ.ਆਈ.ਡੀ. ਨੰਬਰ ਵੀ ਨਹੀ ਪਤਾ।ਇਸ ਲਈ ਨਗਰ ਨਿਗਮ ਦੇ ਵਿਤੀ ਹਿੱਤਾ ਨੂੰ ਮੁੱਖ ਰੱਖਦੇ ਹੋਏ ਅਤੇ ਆਮ ਲੋਕਾਂ ਦੀ ਸੁਵਿਧਾ ਨੂੰ ਦੇਖਦੇ ਹੋਏ ਇਹ ਵੀ ਤਜ਼ਵੀਜ਼ ਕੀਤਾ ਕੀਤਾ ਜਾਂਦਾ ਹੈ ਕਿ ਨਗਰ ਨਿਗਮ ਲੁਧਿਆਣਾ ਅੰਦਰ ਹਦੂਦ ਅੰਦਰ ਪੈਦੀਆਂ ਸਾਰੀਆਂ ਪ੍ਰਾਪਰਟੀਆਂ ਨੂੰ ਪ੍ਰਾਪਰਟੀ ਆਈ.ਡੀ. ਕਾਰਡ ਜਾਰੀ ਕੀਤਾ ਜਾਵੇ।ਇਸ ਪ੍ਰਾਪਰਟੀ ਆਈ.ਡੀ. ਕਾਰਡ ਦਾ ਨਮੂਨਾ 'ਅਨੁੱਲਗ-ੳ' ਅਨੁਸਾਰ ਨਾਲ ਨੱਥੀ ਹੈ। ਇਹ ਪ੍ਰਾਪਰਟੀ ਆਈ.ਡੀ. ਕਾਰਡ ਲੈਣ ਅਤੇ ਇਸ ਦੀ ਫੀਸ ਬਾਰੇ ਜਾਣਕਾਰੀ ਤਜ਼ਵੀਜ਼ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਅਪਲਾਈ ਕਰਨ ਦੀ ਵਿਧੀ | ਵਿਸ਼ੇਸ਼ ਕੱਥਣ |
|---|---|---|
| 1 | ਆਨਲਾਈਨ ਅਪਲਾਈ | ਜੇਕਰ ਕੋਈ ਵੀ ਮਾਲਕ/ਕਾਬਜ਼ਕਾਰ ਪ੍ਰਾਪਰਟੀ ਆਈ.ਡੀ. ਕਾਰਡ ਆਨਲਾਈਨ ਅਪਲਾਈ ਕਰਦਾ ਹੈ ਅਤੇ ਉਸ ਵਲੋ ਚਾਲੂ ਵਿੱਤੀ ਸਾਲ ਤੱਕ ਦਾ ਪ੍ਰਾਪਰਟੀ ਟੈਕਸ, ਪਾਣੀ/ਸੀਵਰੇਜ਼, ਡਿਸਪੋਜ਼ਲ ਆਦਿ ਭਰਿਆ ਗਿਆ ਹੈ ਤਾਂ ਉਹ ਇਹ ਕਾਰਡ ਬਿਨਾਂ ਕਿਸੇ ਫੀਸ ਤੋ ਨਗਰ ਨਿਗਮ ਲੁਧਿਆਣਾ ਦੀ ਵੈਬਸਾਈਟ ਤੋ ਆਨਲਾਈਨ ਅਪਲਾਈ ਕਰ ਸਕਦਾ ਹੈ ਅਤੇ ਮੁਫਤ ਵਿਚ ਡਾਊਨਲੋਡ ਕਰ ਸਕਦਾ ਹੈ। |
| 2 | ਆਫਲਾਈਨ/ਸੁਵਿਧਾ ਸੈਟਰ ਤੋ ਅਪਲਾਈ | ਜੇਕਰ ਕੋਈ ਵੀ ਮਾਲਕ/ਕਾਬਜ਼ਕਾਰ ਇਹ ਕਾਰਡ ਆਫਲਾਈਨ ਅਪਲਾਈ ਕਰਨਾ ਚਾਹੁੰਦਾ ਹੈ ਤਾਂ ਸਬੰਧਤ ਪ੍ਰਾਪਰਟੀ ਦਾ ਪ੍ਰਾਪਰਟੀ ਟੈਕਸ, ਪਾਣੀ/ਸੀਵਰੇਜ਼ ਆਦਿ ਭਰਣ ਸਮੇ ਸੁਵਿਧਾ ਸੈਟਰ ਤੇ ਅਪਲਾਈ ਕਰ ਸਕਦਾ ਹੈ ਜਿਸਦੀ ਫੀਸ 50/- ਰੁਪਏ ਨਿਸ਼ਚਿਤ ਕੀਤੀ ਗਈ ਹੈ ਅਤੇ ਇਸ ਦੀ ਹਾਰਡ ਕਾਪੀ ਤੁਰੰਤ ਭਾਵ ਮੌਕੇ ਤੇ ਸੁਵਿਧਾ ਸੈਟਰ ਤੋ ਪ੍ਰਾਪਤ ਕਰ ਸਕਦਾ ਹੈ। |

ਉਕਤ ਤੱਥਾਂ ਨੂੰ ਮੁੱਖ ਰੱਖਦੇ ਹੋਏ ਪ੍ਰਾਪਰਟੀ ਆਈ.ਡੀ. ਕਾਰਡ ਜਾਰੀ ਕਰਨ ਅਤੇ ਫੀਸ ਸਬੰਧੀ ਤਜ਼ਵੀਜ਼ ਅਗਲੇਰੇ ਹੁਕਮਾਂ ਹਿੱਤ ਪੇਸ਼ ਹੈ।

ਸੰਯੁਕਤ ਕਮਿਸ਼ਨਰ(ਐਮ) ਨੇ ਮਿਤੀ 01-02-2023 ਨੂੰ ਰਿਪੋਰਟ ਕੀਤੀ ਹੈ ਕਿ”

There are several advantage of UPID card including

1. Ready availability to citizen, his/her property details.
2. Ease of payment of taxes & fees.
3. Forward intergration with revenue department eventuially will help in identification of property.

This shall also create a better rapport of MC amongst citizens. Being a citizen friendly measure. Thus in public interest case may be sent to general house for approval pb.”

ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 01-02-2023 ਨੂੰ ਕੇਸ ਦੀ ਪ੍ਰਸ਼ਾਸਕੀ ਪ੍ਰਵਾਨਗੀ ਇਸ ਤਰ੍ਹਾਂ ਦਿੱਤੀ ਹੈ ਕਿ”
Proposal to be decided in Gen House mitg ”

ਮਾਨਯੋਗ ਮੇਅਰ ਸਾਹਿਬ ਜੀ ਨੇ ਮਿਤੀ 01-02-2023 ਨੂੰ ਉਪਰੋਕਤ ਕੇਸ ਨੂੰ ਮਾਨਯੋਗ ਹਾਊਸ ਵਿੱਚ ਪੇਸ਼ ਕਰਨ ਦੀ ਆਗਿਆ ਦਿੱਤੀ ਹੈ।

ਕੇਸ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।

**ਮਤਾ ਨੰ: 417**

**ਪ੍ਰਵਾਨ ਹੈ।**

**ਸਹੀ/-**

**ਮੇਅਰ**

**10-02-2023**

MUNICIPAL CORPORATION LUDHIANA
ਨਗਰ ਨਿਗਮ ਲੁਧਿਆਣਾ

UNIQUE PROPERTY ID CARD
ਯੂਨਿਕ ਪ੍ਰਾਪਰਟੀ ਆਈ.ਡੀ. ਕਾਰਡ

UPID No. : B026-00001
Zone : D
Block : 26
Colony : Pakhowal Main Road, Bhaiwala Chowk to Canal Road

Address: Mata Rani Chowk, Ludhiana | www.mcludhiana.gov.in

If found, please return to:
Address: Municpal Coporation Ludhiana
Mata Rani Chowk, Ludhiana

HELPLINE : 0161-2917032, 2917033

MUNICIPAL CORPORATION LUDHIANA
ਨਗਰ ਨਿਗਮ ਲੁਧਿਆਣਾ

UNIQUE PROPERTY ID CARD
ਯੂਨਿਕ ਪ੍ਰਾਪਰਟੀ ਆਈ.ਡੀ. ਕਾਰਡ

UPID No. : B026-00001
Zone : D
Block : 26
Colony : Pakhowal Main Road, Bhaiwala Chowk to Canal Road

Address: Mata Rani Chowk, Ludhiana | www.mcludhiana.gov.in

If found, please return to:
Address: Municpal Coporation Ludhiana
Mata Rani Chowk, Ludhiana

HELPLINE : 0161-2917032, 2917033

MUNICIPAL CORPORATION LUDHIANA
ਨਗਰ ਨਿਗਮ ਲੁਧਿਆਣਾ

UNIQUE PROPERTY ID CARD
ਯੂਨਿਕ ਪ੍ਰਾਪਰਟੀ ਆਈ.ਡੀ. ਕਾਰਡ

UPID No. : B026-00001
Zone : D
Block : 26
Colony : Pakhowal Main Road, Bhaiwala Chowk to Canal Road

Address: Mata Rani Chowk, Ludhiana | www.mcludhiana.gov.in

If found, please return to:
Address: Municpal Coporation Ludhiana
Mata Rani Chowk, Ludhiana

HELPLINE : 0161-2917032, 2917033

MUNICIPAL CORPORATION LUDHIANA
ਨਗਰ ਨਿਗਮ ਲੁਧਿਆਣਾ

UNIQUE PROPERTY ID CARD
ਯੂਨਿਕ ਪ੍ਰਾਪਰਟੀ ਆਈ.ਡੀ. ਕਾਰਡ

UPID No. : B026-00001
Zone : D
Block : 26
Colony : Pakhowal Main Road,
Bhaiwala Chowk to Canal Road

Address: Mata Rani Chowk, Ludhiana | www.mcludhiana.gov.in

If found, please return to:
Address: Municpal Coporation Ludhiana
Mata Rani Chowk, Ludhiana

HELPLINE : 0161-2917032, 2917033

MUNICIPAL CORPORATION LUDHIANA
ਨਗਰ ਨਿਗਮ ਲੁਧਿਆਣਾ

UNIQUE PROPERTY ID CARD
ਯੂਨਿਕ ਪ੍ਰਾਪਰਟੀ ਆਈ.ਡੀ. ਕਾਰਡ

UPID No. : B026-00001
Zone : D
Block : 26
Colony : Pakhowal Main Road,
Bhaiwala Chowk to Canal Road

Address: Mata Rani Chowk, Ludhiana | www.mcludhiana.gov.in

If found, please return to:
Address: Municpal Coporation Ludhiana
Mata Rani Chowk, Ludhiana

HELPLINE : 0161-2917032, 2917033

MUNICIPAL CORPORATION LUDHIANA
ਨਗਰ ਨਿਗਮ ਲੁਧਿਆਣਾ

UNIQUE PROPERTY ID CARD
ਯੂਨਿਕ ਪ੍ਰਾਪਰਟੀ ਆਈ.ਡੀ. ਕਾਰਡ

UPID No. : B026-00001
Zone : D
Block : 26
Colony : Pakhowal Main Road,
Bhaiwala Chowk to Canal Road

Address: Mata Rani Chowk, Ludhiana | www.mcludhiana.gov.in

If found, please return to:
Address: Municpal Coporation Ludhiana
Mata Rani Chowk, Ludhiana

HELPLINE : 0161-2917032, 2917033

**ਮੱਦ ਨੰ. 8 /ਡਰਾਇੰਗ ਬਰਾਂਚ/**

**ਵਿਸ਼ਾ:- ਆਮ ਪਬਲਿਕ ਦੀ ਸਹੂਲਤ ਲਈ ਪਲਾਟਾਂ/ਬਿਲਡਿੰਗਾਂ ਨੂੰ ਜਾਰੀ ਕੀਤੇ ਜਾਣ ਵਾਲੇ ਐਨ.ਓ.ਸੀ. ਨਗਰ ਨਿਗਮ ਲੁਧਿਆਣਾ ਦੇ ਸੁਵਿਧਾ ਕੇਂਦਰਾਂ ਵਿੱਚ ਅਪਲਾਈ ਕੀਤੇ ਜਾਣ ਸਬੰਧੀ।**

ਨੋਟ ਮੁੱਖ ਡਰਾਫਟਸਮੈਨ, ਐਮ.ਟੀ.ਪੀ ਦਫਤਰ ਰਿਪੋਰਟ ਮਿਤੀ 1-2-2023 ਅਨੁਸਾਰ ਕਿ ਮਿਤੀ 31-1-2023 ਨੂੰ ਮਾਨਯੋਗ ਕਮਿਸ਼ਨਰ ਨਗਰ ਨਿਗਮ ਲੁਧਿਆਣਾ ਜੀ ਵੱਲੋਂ ਲਈ ਗਈ ਮੀਟਿੰਗ ਵਿੱਚ ਕੀਤੇ ਗਏ ਵਿਚਾਰ ਵਟਾਂਦਰੇ ਅਨੁਸਾਰ ਪਲਾਟਾ / ਬਿਲਡਿੰਗਾ ਦੇ ਐਨ.ਓ.ਸੀਜ ਦੀਆਂ ਪ੍ਰਤੀ ਬੇਨਤੀਆ ਨੂੰ ਸੁਵਿਧਾ ਕੇਂਦਰ ਵਿੱਚ ਅਪਲੋਡ ਕਰਨ ਸਬੰਧੀ ਉਪਰਾਲੇ ਕੀਤੇ ਜਾਣ।ਇਸ ਸਬੰਧੀ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਸਰਕਾਰ ਵੱਲੋਂ ਪਬਲਿਕ ਨੂੰ ਸਹੂਲਤ ਦਿੰਦੇ ਹੋਏ ਪਲਾਟਾ/ ਬਿਲਡਿੰਗਾ ਨੂੰ ਰੈਗੂਲਰ ਕਰਵਾਉਣ ਹਿੱਤ ਈ-ਨਕਸ਼ਾ ਪੋਰਟਲ ਸ਼ੁਰੂ ਕੀਤਾ ਗਿਆ ਸੀ।ਜਿਸ ਵਿੱਚ ਬਿਨੈਕਾਰ ਆਪਣੇ ਪੱਧਰ ਤੇ ਜਾਂ ਫਿਰ ਮਾਨਤਾ ਪ੍ਰਾਪਤ ਆਰਕੀਟੈਕਟ/ ਪ੍ਰੋਫੈਸ਼ਨਲ ਰਾਹੀਂ ਅਪਲਾਈ ਕਰਕੇ ਆਪਣੇ ਪਲਾਟ / ਬਿਲਡਿੰਗ ਨੂੰ ਰੈਗੂਲਰ ਕਰਵਾ ਸਕਦੇ ਹਨ।ਇੱਥੇ ਇਹ ਵੀ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਜਿਆਦਾਤਰ ਲੋਕ ਖੁੱਦ ਅਪਲਾਈ ਕਰਨ ਵਿੱਚ ਅਸਮਰੱਥ ਹੁੰਦੇ ਹਨ। ਜਿਸ ਕਾਰਨ ਉਹਨਾਂ ਵੱਲੋਂ ਆਰਕੀਟੈਕਟ/ ਪ੍ਰੋਫੈਸ਼ਨਲ ਨੂੰ ਆਪਣੇ ਪਲਾਟ / ਬਿਲਡਿੰਗ ਦਾ ਐਨ.ਓ.ਸੀ ਅਪਲਾਈ ਕਰਨ ਹਿੱਤ ਦਸਤਾਵੇਜ ਮੁੱਹਇਆ ਕਰਵਾਏ ਜਾਂਦੇ ਹਨ ਅਤੇ ਉਹਨਾਂ ਵੱਲੋਂ ਫਾਈਲ ਨੂੰ ਆਨਲਾਈਨ ਅਪਲਾਈ ਕਰਨ ਦੀ ਫੀਸ 5000 ਤੋਂ 15000 ਰੁਪਏ ਤੱਕ ਵਸੂਲੀ ਜਾਂਦੀ ਹੈ।ਜੋਕਿ ਗਰੀਬ ਲੋਕਾਂ ਨੂੰ ਦੇਣ ਵਿੱਚ ਮੁਸ਼ਕਿਲ ਆਉਂਦੀ ਹੈ।ਇਸ ਲਈ ਇਹ ਤਜਵੀਜ ਕੀਤੀ ਜਾਂਦੀ ਹੈ ਕਿ ਨਗਰ ਨਿਗਮ ਦੇ ਚਾਰੋ ਜੋਨਾਂ ਵਿੱਚ ਇੱਕ-ਇੱਕ ਤਕਨੀਕੀ ਸਟਾਫ (ਜੇ.ਡੀ.ਐਮ) ਡਿਪਯੂਟ ਕੀਤਾ ਜਾਵੇ।ਜਿਹੜਾ ਕਿ ਆਮ ਲੋਕਾਂ / ਬਿਨੈਕਾਰਾ ਪਾਸੋ ਸਰਕਾਰ ਵੱਲੋਂ ਨਿਰਧਾਰਤ ਕੀਤੇ ਗਏ ਦਸਤਾਵੇਜ ਪ੍ਰਾਪਤ ਕਰਨ ਉਪਰੰਤ ਮੋਕਾ ਚੈਕ ਕਰਕੇ ਉਹਨਾਂ ਦੀ ਪ੍ਰਤੀ ਬੇਨਤੀ ਨੂੰ ਈ-ਨਕਸ਼ਾ ਪੋਰਟਲ ਤੇ ਅਪਲੋਡ ਕਰੇਗਾ ਅਤੇ ਫਾਈਲ ਨੂੰ ਅਪਲੋਡ ਕਰਨ ਦੀ ਫੀਸ 2500/- ਰੁਪਏ (Facilitation / Administrative Charges) ਨਗਰ ਨਿਗਮ ਦੇ ਖਜਾਨੇ ਵਿੱਚ ਜਮ੍ਹਾਂ ਕਰਵਾਉਣ ਦੀ ਤਜਵੀਜ ਪੇਸ਼ ਕੀਤੀ ਜਾਂਦੀ ਹੈ।ਇਸ ਉਪਰਾਲੇ ਨਾਲ ਜਿੱਥੇ ਆਮ ਪਬਲਿਕ ਨੂੰ ਰਾਹਤ ਮਿਲੇਗੀ। ਉੱਥੇ ਹੀ ਨਗਰ ਨਿਗਮ ਦੇ ਵਿੱਤ ਨੂੰ ਵੀ ਲਾਭ ਹੋਵੇਗਾ।

ਨਿਗਮ ਨਗਰ ਯੋਜਨਾਕਾਰ ਵੱਲੋਂ ਉਕਤ ਦੀ ਮਿਤੀ 1-2-2023 ਰਾਹੀਂ ਪ੍ਰੋੜਤਾ ਕਰਦੇ ਹੋਏ ਲਿਖਿਆ ਹੈ ਕਿ "The above office proposal may be considered for approval in public interest. The file may be sent to MC/House for Approval."

ਸੰਯੁਕਤ ਕਮਿਸ਼ਨਰ (ਐਮ) ਜੀ ਵੱਲੋਂ ਮਿਤੀ 1-2-2023 ਰਾਂਹੀ ਲਿਖਦੇ ਹੋਏ ਕਿ, " Submitted for approval of House on the above proposal please " ਸਹਿਮਤੀ ਪ੍ਰਗਟਾਈ ਗਈ ਹੈ।

ਮਾਣਯੋਗ ਕਮਿਸ਼ਨਰ ਜੀ ਵੱਲੋਂ ਮਿਤੀ 1-2023 ਰਾਂਹੀ ਇਹ ਲਿਖਦੇ ਹੋਏ ਕਿ "We can start this service in all 4 Suwidha Centres with JDM / Suwidha Staff at Proposed Rs.2500/- NOC facilitation charges for public benefit. To be decided in Gen. House." ਇਸਦੀ ਪ੍ਰਸ਼ਾਸਕੀ ਪ੍ਰਵਾਨਗੀ ਦਿੱਤੀ ਗਈ ਹੈ।

ਮਾਨਯੋਗ ਮੇਅਰ ਸਾਹਿਬ ਜੀ ਨੇ ਮਿਤੀ 1-2-2023 ਨੂੰ ਉਪਰੋਕਤ ਕੇਸ ਨੂੰ ਮਾਨਯੋਗ ਹਾਊਸ ਵਿੱਚ ਪੇਸ਼ ਕਰਨ ਦੀ ਆਗਿਆ ਦਿੱਤੀ ਹੈ।ਕੇਸ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।

**ਮਤਾ ਨੰ: 418**

**ਪ੍ਰਵਾਨ ਹੈ।**

**ਰੇਟ ਨਿਰਧਾਰਤ ਕਰਨ ਲਈ ਮਾਣਯੋਗ ਮੇਅਰ ਜੀ ਨੂੰ ਕਮੇਟੀ ਬਨਾਉਣ ਹਿੱਤ ਅਧਿਕਾਰਤ ਕੀਤਾ ਜਾਦਾ ਹੈ।**

**ਸਹੀ/-**

**ਮੇਅਰ**

**10-02-2023**

**ਮੱਦ ਨੰ: 9** /ਅਮਲਾ ਸ਼ਾਖਾ/

ਵਿਸ਼ਾ :- ਨਗਰ ਨਿਗਮ, ਲੁਧਿਆਣਾ ਵਿੱਚ ਮੈਡੀਕਲ ਕੈਸ਼ਲੈਸ ਪਾਲਿਸੀ ਲਾਗੂ ਕਰਨ ਸਬੰਧੀ ।

ਨੋਟ ਇੰਸਪੈਕਟਰ (ਅਮਲਾ) ਮਿਤੀ 07-02-2023 ਜਿਸ ਦੀ ਪ੍ਰਵਾਨਗੀ ਹਿੱਤ ਪ੍ਰੋੜਤਾ ਅਮਲਾ ਸੁਪਰਡੈਂਟ ਨੇ ਮਿਤੀ 07-02-2023 ਅਤੇ ਸੰਯੁਕਤ ਕਮਿਸ਼ਨਰ (ਐਸ) ਜੀ ਨੇ ਮਿਤੀ 08-02-2023 ਰਾਹੀ ਕੀਤੀ ਹੈ, ਜੋ ਕਿ ਉਕਤ ਵਿਸ਼ੇ ਸਬੰਧੀ ਹਾਊਸ ਦੇ ਵਿਚਾਰਨ ਹਿੱਤ ਪੇਸ਼ ਹੈ ਕਿ ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ, ਲੁਧਿਆਣਾ ਦੀ ਵੱਖ-ਵੱਖ ਯੂਨੀਅਨਾਂ ਵੱਲੋਂ ਮੰਗ ਪੱਤਰ ਦਿੰਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਨਗਰ ਨਿਗਮ, ਲੁਧਿਆਣਾ ਵਿੱਚ ਲਗਭਗ 7550 ਅਧਿਕਾਰੀ/ਕਰਮਚਾਰੀ ਕੰਮ ਕਰ ਰਹੇ ਹਨ । ਨਗਰ ਨਿਗਮ, ਲੁਧਿਆਣਾ ਵਿੱਚ ਕੰਮ ਕਰਦੇ ਕਰਮਚਾਰੀਆਂ ਜਾਂ ਉਨ੍ਹਾਂ ਦਾ ਪਰਿਵਾਰਿਕ ਮੈਂਬਰ ਕਿਸੇ ਬਿਮਾਰੀ ਕਾਰਨ ਹਸਪਤਾਲ ਵਿੱਚ ਦਾਖਲ ਹੁੰਦਾ ਹੈ ਤਾਂ ਉਨ੍ਹਾਂ ਪਾਸ ਮੌਕੇ ਤੇ ਇਲਾਜ ਲਈ ਪੈਸੇ ਨਹੀਂ ਹੁੰਦੇ ਹਨ । ਇਸ ਲਈ ਨਗਰ ਨਿਗਮ, ਲੁਧਿਆਣਾ ਵਿੱਚ ਮੈਡੀਕਲ ਕੈਸ਼ਲੈਸ ਪਾਲਿਸੀ ਲਾਗੂ ਕੀਤੀ ਜਾਵੇਤਾਂ ਜੋ ਕਰਮਚਾਰੀਆਂ ਨੂੰ ਮੌਕੇ ਤੇ ਹੀ ਹਸਪਤਾਲ ਵਿੱਚ ਮੈਡੀਕਲ ਕੈਸ਼ਲੈਸ ਪਾਲਿਸੀ ਦਾ ਲਾਭ ਮਿਲ ਸਕੇ । ਨਗਰ ਨਿਗਮ, ਲੁਧਿਆਣਾ ਆਪਣੇ ਪੱਧਰ ਤੇ ਬੈਂਕ ਨਾਲ ਮੈਡੀਕਲ ਕੈਸ਼ਲੈਸ ਪਾਲਿਸੀ ਸਬੰਧੀ ਤਾਲਮੇਲ ਕਰ ਕੇ ਕਰਮਚਾਰੀਆਂ ਦੀ ਤਨਖਾਹ ਵਿੱਚੋ ਪਾਲਿਸੀ ਸਬੰਧੀ ਬਣਦੇ ਸ਼ੇਅਰ (ਪ੍ਰਤੀ ਮਹੀਨਾ) ਦੀ ਕਟੌਤੀ ਕੀਤੀ ਜਾਵੇ । ਕਿਉਂਜੋ ਕਰਮਚਾਰੀਆਂ ਨੂੰ ਮੈਡੀਕਲ ਰੀਬਰਸਮੈਂਟ ਲੈਣ ਸਬੰਧੀ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ।

ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ, ਲੁਧਿਆਣਾ ਵਲੋ ਅਧਿਕਾਰੀਆਂ/ਕਰਮਚਾਰੀਆਂ ਦੇ ਕੈਸ਼ਲੈਸ ਸਿਹਤ ਬੀਮਾ ਕਰਵਾਉਣ ਸਬੰਧੀ ਬੈਂਕ/ Insurance ਕੰਪਨੀ ਨਾਲ ਗੱਲਬਾਤ ਚੱਲ ਰਹੀ ਹੈ । ਜਿਸ ਸਬੰਧੀ ਬੈਂਕ/ Insurance ਕੰਪਨੀ ਵਲੋਂ ਦੱਸਿਆਂ ਗਿਆ ਹੈ ਕਿ ਕਰਮਚਾਰੀ ਸਮੇਤ ਉਸਦੇ ਡਿਪੈਂਡਡ ਪਰਿਵਾਰਿਕ ਮੈਂਬਰ ਦਾ ਲਗਭਗ 5 ਲੱਖ ਰੁਪਏ ਦਾ ਕੈਸ਼ਲੈਸ ਸਿਹਤ ਬੀਮਾ ਹੋਵੇਗਾ, ਜਿਸ ਦਾ ਸਲਾਨਾ ਪ੍ਰੀਮੀਅਮ ਤਕਰੀਬਨ ਪ੍ਰਤੀ ਕਰਮਚਾਰੀ20000 ਰੁਪਏ (ਉਮਰ ਦੇ ਹਿਸਾਬ ਨਾਲ)ਵਿੱਚ ਹੋਵੇਗਾ । ਇਹ ਸਲਾਨਾ ਪ੍ਰੀਮੀਅਮ ਨਗਰ ਨਿਗਮ, ਲੁਧਿਆਣਾ ਵਲੋਂ ਬੈਂਕ/Insurance ਨੂੰ ਦਿੱਤਾ ਜਾਵੇਗਾ, ਜੋਕਿ ਅਡਵਾਂਸ ਦੇ ਰੂਪ ਵਿੱਚ ਹੋਵੇਗਾ ਅਤੇ ਜਿਸ ਦੀ ਬਣਦੀ ਮਹੀਨਾਵਾਰ ਕਿਸ਼ਤ ਅਧਿਕਾਰੀ/ਕਰਮਚਾਰੀ ਦੀ ਤਨਖਾਹ ਵਿੱਚੋਂ ਕੱਟੀ ਜਾਵੇਗੀ । ਇਹ ਸਕੀਮ ਮੁਲਾਜ਼ਮਾਂ ਦੀ ਭਲਾਈ ਲਈ ਹੈ ।

ਇਸ ਲਈ ਨਗਰ ਨਿਗਮ, ਲੁਧਿਆਣਾ ਵਿੱਚ ਮੈਡੀਕਲ ਕੈਸ਼ਲੈਸ ਪਾਲਿਸੀ ਲਾਗੂ ਕਰਨ ਸਬੰਧੀ ਕੇਸ ਨੂੰ ਮਾਣਯੋਗ ਹਾਊਸ ਵਿੱਚ ਮਤੇ ਦੇ ਰੂਪ ਵਿੱਚ ਵਿਚਾਰਨ ਦੀ ਪ੍ਰਸ਼ਾਸਕੀ ਪ੍ਰਵਾਨਗੀ ਮਾਣਯੋਗ ਕਮਿਸ਼ਨਰ ਜੀ ਪਾਸੋਂ ਪ੍ਰਾਪਤ ਕਰ ਲਈ ਜਾਵੇ ਜੀ ।

ਮਾਣਯੋਗ ਕਮਿਸ਼ਨਰ ਜੀ ਨੇ ਹੁਕਮ ਮਿਤੀ 08-02-2023 ਰਾਂਹੀ ਕੇਸ ਨੂੰ ਹਾਊਸ ਵਿੱਚ ਪੇਸ਼ ਕਰਨ ਲਈ ਪ੍ਰਸ਼ਾਸਕੀ ਪ੍ਰਵਾਨਗੀ ਇਸ ਤਰਾਂ ਦਿੱਤੀ ਹੈ ਕਿ " To be decided in Gernal house " ਮਾਣਯੋਗ ਮੇਅਰ ਜੀ ਨੇ ਹੁਕਮ ਮਿਤੀ 08-02-2023 ਅਨੁਸਾਰ ਕੇਸ ਨੂੰ ਹਾਊਸ ਵਿੱਚ ਪੇਸ਼ ਕਰਨ ਦੀ ਆਗਿਆ ਦਿੱਤੀ ਹੈ। ਕੇਸ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।

**ਮਤਾ ਨੰ: 419**
**ਪ੍ਰਵਾਨ ਹੈ।**
**ਸਹੀ/-**
**ਮੇਅਰ**
**10-02-2023**

**ਮੱਦ ਨੰ: 10 / ਬੀ.ਐਡ.ਆਰ ਸ਼ਾਖਾ/**

**ਵਿਸ਼ਾ: ਲੁਧਿਆਣਾ ਸ਼ਹਿਰ ਵਿਚ ਟੋਅ-ਵੇਅ ਸਿਸਟਮ ਲਾਗੂ ਕਰਨ ਦੀ ਪ੍ਰਵਾਨਗੀ ਸਬੰਧੀ।**

ਨੋਟ ਕਾਰਜਕਾਰੀ ਇੰਜੀਨੀਅਰ(ਬੀ ਐਂਡ ਆਰ)-ਬੀ ਮਿਤੀ 02.02.2022 ਜਿਸ ਦੀ ਪ੍ਰਵਾਨਗੀ ਹਿੱਤ ਪ੍ਰੋੜਤਾ JC(S) ਜੀ ਨੇ ਮਿਤੀ 03.02.2023 ਨੂੰ ਕੀਤੀ ਹੈ, ਜੋ ਕਿ ਉਕਤ ਵਿਸ਼ੇ ਸਬੰਧੀ ਜਰਨਲ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਕਿ

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਜੀ ਦੇ ਧਿਆਨ ਵਿਚ ਲਿਆਇਆ ਜਾਂਦਾ ਹੈ ਕਿ ਲੁਧਿਆਣਾ ਸ਼ਹਿਰ ਵਿਚ ਪਾਪੂਲੇਸ਼ਨ ਵੱਧਣ ਕਾਰਨ ਵਹੀਕਲਾਂ ਦੀ ਗਿਣਤੀ ਵੀ ਵੱਧ ਰਹੀ ਹੈ ਜਿਸ ਕਾਰਨ ਸ਼ਹਿਰ ਦੀ ਟ੍ਰੈਫਿਕ ਦੀ ਸਮੱਸਿਆ ਵੀ ਦਿਨੋਂ-ਦਿਨ ਬਹੁਤ ਜ਼ਿਆਦਾ ਵੱਧ ਰਹੀ ਹੈ। ਟ੍ਰੈਫਿਕ ਦੇ ਦਿਨੋਂ-ਦਿਨ ਵੱਧਣ ਨਾਲ ਸ਼ਹਿਰ ਵਾਸੀਆਂ ਨੂੰ ਟ੍ਰੈਫਿਕ ਜ਼ਾਮ ਲੱਗਣ ਕਾਰਨ ਬਹੁਤ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਜਿਹਾ ਇਸ ਲਈ ਹੋ ਰਿਹਾ ਹੈ ਕਿ ਲੋਕਾਂ ਵੱਲੋਂ ਸੜਕਾਂ ਉਪਰ ਹੀ ਆਪਣੀ ਸਹੂਲਤ ਨੂੰ ਦੇਖਕੇ ਆਪਣਾ ਵਹੀਕਲ ਪਾਰਕ ਕਰ ਦਿੱਤਾ ਜਾਂਦਾ ਹੈ ਜੋ ਕਿ ਕਈ ਵਾਰ ਬਾਕੀ ਆਵਾਜਾਈ ਵਿਚ ਵਿਘਨ ਦਾ ਕਾਰਨ ਬਣਦਾ ਹੈ। ਇਸ ਸਮੱਸਿਆ ਤੋਂ ਨਿਜ਼ਾਤ ਪਾਉਣ ਲਈ ਨਗਰ ਨਿਗਮ, ਲੁਧਿਆਣਾ ਵਿਚ ਤੈਨਾਤ ਪੁਲਿਸ ਕਰਮਚਾਰੀਆਂ ਵੱਲੋਂ ਮਾਨਯੋਗ ਹਾਊਸ ਦੇ ਮਤਾ ਨੰਬਰ 245 ਮਿਤੀ: 18-9-2015 ਰਾਹੀਂ ਫਿਕਸ ਕੀਤੇ ਗਏ ਰੇਟਾਂ ਦੇ ਅਧਾਰ ਤੇ ਗਲਤ ਪਾਰਕਿੰਗ, ਨੋ ਪਾਰਕਿੰਗ ਏਰੀਆ ਅਤੇ ਗਲਤ ਸਾਈਡ ਟ੍ਰੈਫਿਕ ਦੇ ਹੇਠ ਲਿਖੇ ਅਨੁਸਾਰ ਚਲਾਨ ਕੀਤੇ ਜਾਂਦੇ ਹਨ:-

| | | |
|---|---|---|
| 1. | ਸਕੂਟਰ/ਮੋਟਰ ਸਾਈਕਲ | 300/- |
| 2. | ਕਾਰ/ਜੀਪ/ਵੈਨ | 750/- |
| 3. | ਆਟੋ ਰਿਕਸ਼ਾ | 500/- |
| 4. | ਮਿੰਨੀ ਬੱਸ/ਟਰੈਕਟਰ ਟਰਾਲੀ | 1200/- |
| 5. | ਟਰੱਕ ਬੱਸ | 2000/- |

ਉਪਰੋਕਤ ਅਨੁਸਾਰ ਲਾਗੂ ਕੀਤੀ ਗਈ ਵਿਧੀ ਨਾਲ ਲੁਧਿਆਣਾ ਸ਼ਹਿਰ ਵਿਚ ਵੱਧ ਰਹੀ ਟ੍ਰੈਫਿਕ ਦੀ ਸਮੱਸਿਆ ਦਾ ਕੋਈ ਸਮਾਧਾਨ ਨਹੀਂ ਹੋ ਰਿਹਾ ਕਿਉਂਜੋ ਲੋਕਾਂ ਵੱਲੋਂ ਇੰਨ੍ਹਾਂ ਹੋ ਰਹੇ ਚਲਾਨਾਂ ਦੀ ਫੀਸ ਭਰਕੇ ਆਪਣੇ ਦਸਤਾਵੇਜ਼ ਰਲੀਜ਼ ਕਰਵਾ ਲਏ ਜਾਂਦੇ ਹਨ। ਲੋਕਾਂ ਨੂੰ ਟ੍ਰੈਫਿਕ ਦੀ ਸਮੱਸਿਆ ਤੋਂ ਨਿਜ਼ਾਤ ਦਿਵਾਉਣ ਲਈ ਜ਼ਰੂਰੀ ਹੈ ਕਿ ਉਨ੍ਹਾਂ ਵੱਲੋਂ ਆਪਣੇ ਵਹੀਕਲ ਢੁੱਕਵੀਆਂ ਪਾਰਕਿੰਗਾਂ ਵਿਚ ਹੀ ਪਾਰਕ ਕੀਤੇ ਜਾਣ। ਇਸ ਨੂੰ ਯਕੀਨੀ ਬਣਾਉਣ ਲਈ ਜੇਕਰ ਵਹੀਕਲ ਨੂੰ ਟੋਅ ਕਰਕੇ ਵਹੀਕਲ ਹੋਲਡਰ ਪਾਸੋਂ ਜੁਰਮਾਨਾ ਵਸੂਲਿਆ ਜਾਵੇ ਤਾਂ ਉਹ ਉਸ ਜੁਰਮਾਨੇ ਅਤੇ ਬਿਨ੍ਹਾਂ ਵਹੀਕਲ ਤੋਂ ਦਫਤਰ ਤੱਕ ਆ ਕੇ ਆਪਣੀ ਵਹੀਕਲ ਨੂੰ ਰਲੀਜ਼ ਕਰਵਾਉਣ ਦੀ ਖੱਜਲ ਖੁਆਰੀ ਤੋਂ ਬੱਚਣ ਲਈ ਆਪਣੀ ਵਹੀਕਲ ਢੁੱਕਵੀਂ ਪਾਰਕਿੰਗ ਵਿਚ ਲਗਾਉਣ ਲਈ ਪਾਬੰਧ ਹੋ ਜਾਵੇਗਾ ਜਿਸ ਨਾਲ ਜਿੱਥੇ ਨਗਰ ਨਿਗਮ, ਲੁਧਿਆਣਾ ਦੀਆਂ ਪਾਰਕਿੰਗ ਵਿਚ ਲੱਗਣ ਵਾਲੀਆਂ ਵਹੀਕਲਾਂ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਵਿਚ ਵਾਧਾ ਹੋਵੇਗਾ ਉਥੇ ਹੀ ਪਬਲਿਕ ਨੂੰ ਵੀ ਟ੍ਰੈਫਿਕ ਦੀ ਸਮੱਸਿਆ ਤੋਂ ਨਿਜ਼ਾਤ ਮਿਲੇਗੀ। ਇਸ ਤੋਂ ਇਲਾਵਾ ਇਹ ਵੀ ਆਪ ਜੀ ਦੇ ਧਿਆਨ ਵਿਚ ਲਿਆਇਆ ਜਾਂਦਾ ਹੈ ਕਿ ਨਗਰ ਨਿਗਮ, ਲੁਧਿਆਣਾ ਵਿਚ ਤੈਨਾਤ ਉਪ-ਕਪਤਾਨ ਵੱਲੋਂ ਮਾਨਯੋਗ ਵਧੀਕ ਕਮਿਸ਼ਨਰ ਜੀ ਨੂੰ ਆਪਣੇ ਦਫਤਰ ਦੇ ਪੱਤਰ ਨੰਬਰ 22/5ਏ ਮਿਤੀ: 16-1-2023 ਰਾਹੀਂ ਲਿਖਿਆ ਗਿਆ ਹੈ ਕਿ ਨਗਰ ਨਿਗਮ ਲੁਧਿਆਣਾ ਦੇ ਪੁਲਿਸ ਵਿਭਾਗ ਵੱਲੋਂ 229(1)ਪੀ.ਐਮ.ਸੀ.ਐਕਟ 1976 ਤਹਿਤ ਵਹੀਕਲਾਂ ਦੇ ਚਲਾਨ ਕੀਤੇ ਜਾਂਦੇ ਹਨ। ਇਸ ਲਈ ਮੌਕੇ ਤੇ ਵਹੀਕਲਾਂ ਦੇ ਮਾਲਕ ਨਾ ਹੋਣ ਕਰਕੇ ਚਲਾਨ ਕਰਨ ਵਿਚ ਮੁਸ਼ਕਿਲ ਆਉਂਦੀ ਹੈ ਅਤੇ ਜਾਮ ਵੀ ਲੱਗਦਾ ਹੈ। ਇਸ ਲਈ ਨਗਰ ਨਿਗਮ ਪੁਲਿਸ ਵਿਭਾਗ ਨੂੰ ਚਾਰੇ ਜੋਨਾਂ ਲਈ ਟੋਇੰਗ ਮਸ਼ੀਨਾਂ ਮੁਹੱਈਆ ਕਰਵਾਈਆਂ ਜਾਣ ਤਾਂ ਜੋ ਕਾਰਸਰਕਾਰ ਦਾ ਕੰਮ ਨਿਰਵਿਘਨ ਚੱਲ ਸਕੇ ਅਤੇ ਜਿਸ ਨਾਲ ਨਗਰ ਨਿਗਮ ਨੂੰ ਰੈਵੀਨਿਊ ਵਿਚ ਵੀ ਵਾਧਾ ਹੋਵੇਗਾ ਅਤੇ ਆਮ ਪਬਲਿਕ ਨੂੰ ਜਾਮ ਤੋਂ ਰਾਹਤ ਮਿਲੇਗੀ। ਟ੍ਰੈਫਿਕ ਪੁਲਿਸ ਵਿਭਾਗ ਵੱਲੋਂ ਨਿਰਧਾਰਤ ਕੀਤੇ ਗਏ ਟੋਅ-ਵੇਅ ਜੋਨ ਵਿਚੋਂ ਜੋ ਗੱਡੀਆਂ ਟੋਅ ਕੀਤੀਆਂ ਜਾਂਦੀਆਂ ਹਨ ਲਈ ਉਨ੍ਹਾਂ ਵੱਲੋਂ ਟੋਅ ਕੀਤੇ ਜਾਂਦੇ ਵਹੀਕਲ ਲਈ ਟੋਅ-ਵੇਅ ਪ੍ਰੋਵਾਈਡਰ ਵੱਲੋਂ ਗੱਡੀ, ਡਰਾਈਵਰ ਅਤੇ ਇੱਕ ਪ੍ਰਾਈਵੇਟ ਵਿਅਕਤੀ ਦਿੱਤਾ ਜਾਂਦਾ ਹੈ ਜਿਸ ਨਾਲ ਇੱਕ ਪੁਲਿਸ ਏ.ਐਸ.ਆਈ. ਅਤੇ ਇੱਕ ਸਿਪਾਹੀ ਚਲਾਨ ਕਰਨ ਲਈ ਲੱਗੇ ਹੁੰਦੇ ਹਨ ਜੋ ਕਿ ਹੇਠ ਲਿਖੀ ਸਾਰਣੀ ਅਨੁਸਾਰ ਟੋਅ ਫੀਸ ਵਸੂਲਦੇ ਹਨ :-

1. ਚਾਰ ਪਹੀਆ ਵਾਹਣ ਤੇ ਕੁੱਲ 1167/- ਰੁਪਏ ਜਿਸ ਵਿਚੋਂ 667 ਰੁਪਏ ਟੋਇੰਗ ਸਰਵਿਸ ਪ੍ਰੋਵਾਈਡਰ ਦੇ ਅਤੇ 500/- ਸਰਕਾਰੀ ਖਜ਼ਾਨੇ ਵਿਚ ਜਾਂਦੇ ਹਨ।
2. ਦੋ ਪਹੀਆ ਵਾਹਣ ਤੇ ਕੁੱਲ 808/- ਰੁਪਏ ਜਿਸ ਵਿਚੋਂ 308 ਰੁਪਏ ਟੋਇੰਗ ਸਰਵਿਸ ਪ੍ਰੋਵਾਈਡਰ ਅਤੇ 500/- ਸਰਕਾਰੀ ਖਜ਼ਾਨੇ ਵਿਚ ਜਾਂਦੇ ਹਨ।

ਇਸਤੋਂ ਇਲਾਵਾ ਪੂਰੇ ਦਿਨ ਵਿਚ ਜਿੰਨੀਆਂ ਵੀ ਗੱਡੀਆਂ ਟੋਅ ਹੁੰਦੀਆਂ ਹਨ ਉਨ੍ਹਾਂ ਦੀ ਟੋਇੰਗ ਸਰਵਿਸ ਪ੍ਰੋਵਾਈਡਰ ਨੂੰ ਜਾਣ ਵਾਲੀ ਰਾਸ਼ੀ ਦਾ 10 ਪ੍ਰਤੀਸ਼ਤ ਟੋਇੰਗ ਸਰਵਿਸ ਪ੍ਰੋਵਾਈਡਰ ਵੱਲੋਂ ਪੁਲਿਸ ਵੈਲਫੇਅਰ ਫੰਡ ਵਿਚ ਜਮ੍ਹਾਂ ਕਰਵਾਇਆ ਜਾਂਦਾ ਹੈ। ਉਪਰੋਕਤ ਤੱਥਾਂ ਅਤੇ ਉਪ-ਕਪਤਾਨ ਪੁਲਿਸ ਦੇ ਪੱਤਰ ਵਿਚ ਦਰਸਾਈ ਗਈ ਤਜਵੀਜ਼ ਨੂੰ ਮੁੱਖ ਰੱਖਦੇ ਹੋਏ ਲੁਧਿਆਣਾ ਸ਼ਹਿਰ ਵਿਚ ਟ੍ਰੈਫਿਕ ਦੀ ਆਵਾਜਾਈ ਨੂੰ ਸਚਾਰੂ ਢੰਗ ਨਾਲ ਚਲਾਉਣ ਅਤੇ ਟ੍ਰੈਫਿਕ ਦੀ ਸਮੱਸਿਆ ਤੋਂ ਨਿਜ਼ਾਤ ਪਾਉਣ ਲਈ ਲੋਕ ਹਿੱਤ ਵਿਚ ਨਗਰ ਨਿਗਮ, ਲੁਧਿਆਣਾ ਵੱਲੋਂ ਟੋ-ਵੇਅ ਸਿਸਟਮ ਸਬੰਧੀ ਤਜਵੀਜ਼ ਤਿਆਰ ਕੀਤੀ ਗਈ ਹੈ, ਜੋ ਕਿ ਨਗਰ ਨਿਗਮ, ਲੁਧਿਆਣਾ ਦੇ ਪੁਲਿਸ ਵਿਭਾਗ ਵੱਲੋਂ ਸ਼ਹਿਰ ਵਿਚ ਲਾਗੂ ਕੀਤੀ ਜਾਣੀ ਹੈ। ਜਿਸ ਲਈ ਹੇਠ ਲਿਖੇ ਅਨੁਸਾਰ ਰੇਟ ਤਜਵੀਜ਼ ਕੀਤੇ ਜਾਂਦੇ ਹਨ :-

| | | | |
|---|---|---|---|
| X | **1.** | **ਦੋ ਪਹੀਆ ਵਾਹਨ (ਸਕੂਟਰ/ਮੋਟਰ ਸਾਈਕਲ ਆਦਿ)** | **1100/-** |
| | **2.** | **ਚਾਰ ਪਹੀਆ ਵਾਹਨ(ਕਾਰ/ਜੀਪ ਆਦਿ)** | **1500/-** |
| | **3.** | **ਕਮਰਸ਼ੀਅਲ/ਹੈਵੀ ਵਹੀਕਲ(ਬੱਸ/ਟਰੱਕ ਆਦਿ)** | **2500/-** |

ਉਪਰੋਕਤ ਅਨੁਸਾਰ ਟੋ-ਵੇਅ ਸਿਸਟਮ ਨੂੰ ਸ਼ਹਿਰ ਵਿਚ ਲਾਗੂ ਕਰਨ ਲਈ ਟੋਇੰਗ ਸਰਵਿਸ ਪ੍ਰੋਵਾਈਡਰ ਵੱਲੋਂ ਨਾਲ ਨੱਥੀ ਨਿਯਮਾਂ ਅਤੇ ਸ਼ਰਤਾਂ ਅਨੁਸਾਰ ਟੈਂਡਰ ਮੰਗੇ ਜਾਣੇ ਹਨ ਜਿਸ ਵਿਚ ਨਗਰ ਨਿਗਮ, ਲੁਧਿਆਣਾ ਵੱਲੋਂ ਜ਼ਾਰੀ ਨਿਯਮਾਂ ਅਤੇ ਸ਼ਰਤਾਂ ਸਬੰਧੀ ਸਹਿਮਤੀ ਪ੍ਰਗਟਾਉਣ ਅਤੇ ਨਗਰ ਨਿਗਮ, ਲੁਧਿਆਣਾ ਨੂੰ ਵੱਧ ਸ਼ੇਅਰ ਦੇਣ ਵਾਲੇ ਟੋਇੰਗ ਸਰਵਿਸ ਪ੍ਰੋਵਾਈਡਰ ਨਾਲ ਇਕਰਾਰਨਾਮਾ ਕਰਕੇ ਟੋਅ-ਵੇਅ ਸਿਸਟਮ ਨੂੰ ਸ਼ੁਰੂ ਕੀਤਾ ਜਾਵੇਗਾ। ਚਲਾਨਾਂ ਰਾਹੀਂ ਪ੍ਰਾਪਤ ਹੋਈ ਸਾਰੀ ਰਾਸ਼ੀ ਨਗਰ ਨਿਗਮ, ਲੁਧਿਆਣਾ ਦੇ ਖਾਤੇ ਵਿਚ ਰੋਜ਼ਾਨਾ ਜਮ੍ਹਾਂ ਕੀਤੀ ਜਾਵੇਗੀ ਅਤੇ ਨਗਰ ਨਿਗਮ, ਲੁਧਿਆਣਾ ਵੱਲੋਂ ਟੋਇੰਗ ਸਰਵਿਸ ਪ੍ਰੋਵਾਈਡਰ ਨੂੰ ਅਦਾਇਗੀ ਨਗਰ ਨਿਗਮ, ਲੁਧਿਆਣਾ ਵੱਲੋਂ ਨਿਰਧਾਰਤ ਕੀਤੇ ਨਿਯਮਾਂ ਅਤੇ ਸ਼ਰਤਾਂ ਅਨੁਸਾਰ ਹੀ ਕੀਤੀ ਜਾਵੇਗੀ।

ੳ | **ਇਸ ਲਈ ਲੁਧਿਆਣਾ ਸ਼ਹਿਰ ਵਿਚ ਟੋ-ਵੇਅ ਸਿਸਟਮ ਨੂੰ ਲਾਗੂ ਕਰਨ ਲਈ ਉਪਰ ਦਰਸਾਏ ਰੇਟਾਂ**

ਅਤੇ ਸਰਵਿਸ ਪ੍ਰੋਵਾਈਡਰ ਤੋਂ ਦੋਹਰੀ ਬਿੱਡ ਪ੍ਰਣਾਲੀ ਰਾਹੀਂ ਟੈਂਡਰ ਮੰਗਣ ਦੀ ਪ੍ਰਵਾਨਗੀ ਲਈ ਕੇਸ ਨਗਰ ਨਿਗਮ, ਲੁਧਿਆਣਾ ਦੇ ਹਾਊਸ ਵਿਚ ਭੇਜਣ ਦੀ ਸ਼ਿਫਾਰਸ਼ ਕੀਤੀ ਜਾਂਦੀ ਹੈ।

**AC(A) ਜੀ ਨੇ ਮਿਤੀ 08.02.2023 ਨੂੰ ਉਪਰੋਕਤ ਕੇਸ ਦੀ ਪ੍ਰਵਾਨਗੀ ਇਸ ਤਰ੍ਹਾਂ ਦਿੱਤੀ ਹੈ ਕਿ**

**"Rates proposed at 'X' may be approved by General house. Further proposal 'ੳ' submitted for consideration before General House".**

**ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 08.02.2023 ਨੂੰ ਉਪਰੋਕਤ ਕੇਸ ਦੀ ਪ੍ਰਸ਼ਾਸਕੀ ਪ੍ਰਵਾਨਗੀ ਇਸ ਤਰ੍ਹਾਂ ਦਿੱਤੀ ਹੈ ਕਿ**

**" Proposal as above to be decided in Gen. House".**

**ਮਾਨਯੋਗ ਮੇਅਰ ਸਾਹਿਬ ਜੀ ਨੇ ਮਿਤੀ 09.02.2023 ਨੂੰ ਨਗਰ ਨਿਗਮ ਦੇ ਹਾਊਸ ਵਿੱਚ ਪੇਸ਼ ਕਰਨ ਦੀ ਆਗਿਆ ਦਿੱਤੀ ਹੈ। ਕੇਸ ਹਾਊਸ ਵਿਚਾਰ ਹਿੱਤ ਪੇਸ਼ ਹੈ ਜੀ।**

**ਮਤਾ ਨੰ: 420**

**ਰੱਦ ਹੈ।**

**ਸਹੀ/-**

**ਮੇਅਰ**

**10-02-2023**

ਮੱਦ ਨੰ. 11 ਬੀ.ਐਂਡ.ਆਰ ਸ਼ਾਖਾ/ ਤਖਮੀਨਾ ਰਾਸ਼ੀ 5.50 ਕਰੋੜ

**ਵਿਸ਼ਾ:** **Construction of Project office of World Bank Project for Ludhiana Urban Water & Waste Water Management, Ludhiana.**

ਨੋਟ ਕਾਰਜਕਾਰੀ ਇੰਜੀਨੀਅਰ (ਬੀ.ਐਂਡ.ਆਰ) ਜ਼ੋਨ ਡੀ ਮਿਤੀ 01-0-2023 ਜਿਸਦੀ ਪ੍ਰਵਾਨਗੀ ਹਿੱਤ ਪ੍ਰੋੜਤਾ ਨਿਗਰਾਨ ਇੰਜੀਨੀਅਰ (ਬੀ.ਐਂਡ.ਆਰ)-ਡੀ ਨੇ ਮਿਤੀ 01-02-2023 ਰਾਹੀਂ ਕੀਤੀ ਹੋਈ ਹੈ ਜੋ ਕਿ ਹਾਊਸ ਦੀ ਮੀਟਿੰਗ ਦੇ ਵਿਚਾਰ ਹਿੱਤ ਪੇਸ਼ ਹੈ ਜੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਵਿਸ਼ਵ ਬੈਂਕ ਵੱਲੋਂ ਲੁਧਿਆਣਾ ਵਿਖੇ ਕੁੱਝ ਕੰਮ ਜਿਵੇਂ ਕਿ 24x7 ਪਾਣੀ ਦੀ ਸਪਲਾਈ ਅਤੇ ਹੋਰ ਕੰਮਾਂ ਲਈ ਫੰਡਿੰਗ ਕੀਤੀ ਜਾ ਰਹੀ ਹੈ। ਇਸ ਸਬੰਧੀ ਵਿਸ਼ਵ ਬੈਂਕ ਦੇ ਨੁਮਾਇੰਦਿਆਂ ਵੱਲੋਂ ਮਾਣਯੋਗ ਕਮਿਸ਼ਨਰ, ਨਗਰ ਨਿਗਮ ਲੁਧਿਆਣਾ ਜੀ ਨਾਲ ਮਿਤੀ 06-09-2022 ਨੂੰ ਇੱਕ ਮੀਟਿੰਗ ਕੀਤੀ ਗਈ ਸੀ। ਜਿਸ ਵਿੱਚ ਲੁਧਿਆਣਾ ਵਿਖੇ ਲੁਧਿਆਣਾ ਅਰਬਨ ਵਾਟਰ ਐਂਡ ਵੇਸਟ ਵਾਟਰ ਮੈਨੇਜਮੈਂਟ ਲਿਮਟਿਡ ਲਈ ਇੱਕ ਸਮਰਪਿਤ ਦਫਤਰ ਬਣਾਉਣ ਦੀ ਮੰਗ ਕੀਤੀ ਗਈ ਸੀ।

ਲੁਧਿਆਣਾ ਅਰਬਨ ਵਾਟਰ ਐਂਡ ਵੇਸਟ ਵਾਟਰ ਮੈਨੇਜਮੈਂਟ ਲਿਮਟਿਡ ਲਈ ਦਫ਼ਤਰ ਬਣਾਉਣ ਲਈ 5.50 ਕਰੋੜ ਰੁਪਏ ਦੀ ਫੰਡਿੰਗ ਵਿਸ਼ਵ ਬੈਂਕ ਵੱਲੋਂ ਕੀਤੀ ਜਾਣੀ ਹੈ।

ਲੁਧਿਆਣਾ ਅਰਬਨ ਵਾਟਰ ਐਂਡ ਵੇਸਟ ਵਾਟਰ ਮੈਨੇਜਮੈਂਟ ਲਿਮਟਿਡ ਲਈ ਦਫ਼ਤਰ ਬਣਾਉਣ ਵਾਸਤੇ ਰੋਜ਼ ਗਾਰਡਨ ਨੇੜੇ ਸ਼ਹੀਦ ਮੇਜਰ ਭੁਪਿੰਦਰ ਸਿੰਘ ਦੇ ਬੁੱਤ ਦੇ ਪਿਛਲੇ ਪਾਸੇ ਖਾਲੀ ਜਮੀਨ ਦੀ ਚੋਣ ਕੀਤੀ ਗਈ ਹੈ। ਬਿਲਡਿੰਗ ਸ਼ਾਖਾ ਦੀ ਰਿਪੋਰਟ ਅਨੁਸਾਰ ਇਸ ਜਮੀਨ ਦੀ ਮਲਕੀਅਤ ਨਗਰ ਨਿਗਮ ਲੁਧਿਆਣਾ ਪਾਸ ਹੈ।

ਲੁਧਿਆਣਾ ਅਰਬਨ ਵਾਟਰ ਐਂਡ ਵੇਸਟ ਵਾਟਰ ਮੈਨੇਜਮੈਂਟ ਲਿਮਟਿਡ ਲਈ ਦਫ਼ਤਰ ਉਕਤ ਜਗ੍ਹਾ ਤੇ ਬਣਾਉਣ ਦੀ ਪ੍ਰਵਾਨਗੀ ਮਾਣਯੋਗ ਹਾਊਸ ਪਾਸੋਂ ਪ੍ਰਾਪਤ ਕਰਨ ਹਿੱਤ ਰਿਪੋਰਟ ਪੇਸ਼ ਹੈ ਜੀ।

ਮਾਣਯੋਗ ਕਮਿਸ਼ਨਰ ਜੀ ਨੇ ਮਿਤੀ 07-02-2023 ਨੂੰ "To be decided in Gen House" ਲਿਖਦੇ ਹੋਏ ਉਪਰੋਕਤ ਕੇਸ ਨੂੰ ਹਾਊਸ ਦੀ ਮੀਟਿੰਗ ਵਿੱਚ ਪੇਸ਼ ਕਰਨ ਦੀ ਪ੍ਰਸ਼ਾਸਕੀ ਪ੍ਰਵਾਨਗੀ ਦਿੱਤੀ ਹੈ।

ਮਾਣਯੋਗ ਮੇਅਰ ਜੀ ਨੇ ਮਿਤੀ 09-02-2023 ਨੂੰ ਉਪਰੋਕਤ ਕੇਸ ਨੂੰ ਹਾਊਸ ਦੀ ਮੀਟਿੰਗ ਵਿੱਚ ਪੇਸ਼ ਕਰਨ ਦੀ ਆਗਿਆ ਦਿੱਤੀ ਹੈ। ਕੇਸ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।

**ਮਤਾ ਨੰ: 421**

**ਸਬੰਧਤ ਬ੍ਰਾਚ ਦੇ ਸਮਰੱਥ ਅਧਿਕਾਰੀਆਂ ਪਾਸੋਂ ਇਹ ਰਿਪੋਰਟ ਲਈ ਜਾਵੇ ਕਿ ਸਬੰਧਤ ਜਗ੍ਹਾਂ ਗਰੀਨ ਬੈਲਟ ਘੇਰੇ ਅੰਦਰ ਆਉਦੀ ਹੈ ਜਾਂ ਨਹੀ ?**

**ਜੇਕਰ ਸਬੰਧਤ ਬ੍ਰਾਂਚ ਦੇ ਸਮਰੱਥ ਅਧਿਕਾਰੀਆਂ ਦੀ ਰਿਪੋਰਟ ਅਨੁਸਾਰ ਸਬੰਧਤ ਜਗਾ ਗ੍ਰੀਨ ਬੈਲਟ ਘੇਰੇ ਅੰਦਰ ਨਹੀ ਆਉਦੀ ਤਾਂ ਪ੍ਰਵਾਨ ਹੈ।**

**ਸਹੀ/-**
**ਮੇਅਰ**
**10-02-2023**

ਮੱਦ ਨੰ. 12 ਬੀ.ਐਂਡ.ਆਰ ਸ਼ਾਖਾ/

**ਵਿਸ਼ਾ:** **ਫਿਰੋਜਪੁਰ ਰੋਡ, ਐਲੀਵੇਟਿਡ ਰੋਡ ਦੇ ਥੱਲੇ ਦੀ ਜਗ੍ਹਾ ਪਾਰਕਿੰਗ ਲਈ ਵਰਤਣ ਸਬੰਧੀ।**

ਨੋਟ ਕਾਰਜਕਾਰੀ ਇੰਜੀਨੀਅਰ (ਬੀ.ਐਂਡ.ਆਰ) ਜ਼ੋਨ ਡੀ ਮਿਤੀ 06-02-2023 ਜਿਸਦੀ ਪ੍ਰਵਾਨਗੀ ਹਿੱਤ ਪ੍ਰੋੜਤਾ ਨਿਗਰਾਨ ਇੰਜੀਨੀਅਰ (ਬੀ.ਐਂਡ.ਆਰ)-ਡੀ ਨੇ ਮਿਤੀ 01-02-2023 ਰਾਹੀਂ The same will be informed to NHAI after the approval of Gen House pl. Submitted for approval pl ਲਿਖਦੇ ਹੋਏ ਕੀਤੀ ਹੋਈ ਹੈ ਜੋ ਕਿ ਹਾਊਸ ਦੀ ਮੀਟਿੰਗ ਦੇ ਵਿਚਾਰ ਹਿੱਤ ਪੇਸ਼ ਹੈ ਜੀ।

ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਲੁਧਿਆਣਾ ਨਗਰ ਨਿਗਮ ਦੀ ਹਦੂਦ ਵਿਚੋਂ ਨਿਕਲਦੀ ਨੈਸ਼ਨਲ ਹਾਈਵੇ-95 ਜੋ ਕਿ ਫਿਰੋਜ਼ਪੁਰ ਰੋਡ ਚੂਗੀ ਤੋਂ ਚੰਡੀਗੜ੍ਹ ਰੋਡ ਤੱਕ ਹੈ ਦੀ ਅਪਗਰੇਡੇਸ਼ਨ ਲਈ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਨੂੰ ਮਾਣਯੋਗ ਹਾਊਸ ਨੇ ਮੱਦ ਨੂੰ 22 ਮਤਾ ਨੰ 154 ਮਿਤੀ 20-12-2014 ਰਾਹੀਂ ਹੈਂਡ ਓਵਰ ਕੀਤੀ ਹੋਈ ਹੈ।

ਇਸ ਸੜਕ ਤੇ ਫਿਰੋਜਪੁਰ ਰੋਡ ਚੰਗੀ ਤੋਂ ਭਾਰਤ ਨਗਰ ਚੌਂਕ ਤੱਕ ਐਲੀਵੇਟਿਡ ਰੋਡ ਦਾ ਨਿਰਮਾਣ ਨੈਸਨਲ ਹਾਈਵ ਅਥਾਰਟੀ ਆਫ ਇੰਡੀਆ ਵਲੋਂ ਕੀਤਾ ਜਾ ਰਿਹਾ ਹੈ। ਇਥੇ ਇਹ ਦੱਸਣਯੋਗ ਹੈ ਕਿ ਇਹ ਸਾਰੀ ਸੜਕ ਕਮਰਸ਼ੀਅਲ ਹੈ ਜਿਸ ਕਾਰਣ ਭਵਿੱਖ ਵਿਚ ਇਸ ਸੜਕ ਤੇ ਗੱਡੀਆ ਦੀ ਪਾਰਕਿੰਗ ਦੀ ਸਮੱਸਿਆ ਆ ਸਕਦੀ ਹੈ। ਇਸ ਲਈ ਯੋਗ ਹੋਵੇਗਾ ਕਿ ਅਲੀਵੇਟਿਡ ਰੋਡ ਦੇ ਥੱਲੇ ਜਿਸ ਜਗ੍ਹਾ ਵਿਚ ਡਿਵਾਈਡਰ ਬਣਾਇਆ ਜਾ ਰਿਹਾ ਹੈ, ਉਹ ਜਗ੍ਹਾ ਛੋਟੀਆਂ ਗੱਡੀਆਂ ਦੀ ਪਾਰਕਿੰਗ ਲਈ ਵਰਤੋਂ ਵਿਚ ਲਿਆਂਦੀ ਜਾਵੇ।ਕੇਸ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਮਾਣਯੋਗ ਕਮਿਸ਼ਨਰ ਜੀ ਨੇ ਮਿਤੀ 07-02-2023 ਨੂੰ "The proposal be sent to NHAI for action as per the rules & road safety norms at their end. To be decided in Gen House" ਲਿਖਦੇ ਹੋਏ ਉਪਰੋਕਤ ਕੇਸ ਨੂੰ ਹਾਊਸ ਦੀ ਮੀਟਿੰਗ ਵਿੱਚ ਪੇਸ਼ ਕਰਨ ਦੀ ਪ੍ਰਸ਼ਾਸਕੀ ਪ੍ਰਵਾਨਗੀ ਦਿੱਤੀ ਹੈ।

ਮਾਣਯੋਗ ਮੇਅਰ ਜੀ ਨੇ ਮਿਤੀ 09-02-2023 ਨੂੰ ਉਪਰੋਕਤ ਕੇਸ ਨੂੰ ਹਾਊਸ ਦੀ ਮੀਟਿੰਗ ਵਿੱਚ ਪੇਸ਼ ਕਰਨ ਦੀ ਆਗਿਆ ਦਿੱਤੀ ਹੈ। ਕੇਸ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।

**ਮਤਾ ਨੰ: 422**

**ਇਸ ਮੰਤਵ ਲਈ ਮਾਣਯੋਗ ਮੇਅਰ ਜੀ ਨੂੰ ਕਮੇਟੀ ਬਨਾਉਣ ਹਿੱਤ ਅਧਿਕਾਰਤ ਕੀਤਾ ਜਾਦਾ ਹੈ।**

**ਸਹੀ/-**
**ਮੇਅਰ**
**10-02-2023**

**ਸਹੀ/-**
**ਮੇਅਰ**
**ਨਗਰ ਨਿਗਮ, ਲੁਧਿਆਣਾ।**
**10-02-2023**